GOVERNMENT OF INDIA
NATIONAL LIBRARY, CALCUTTA

Class No. P 954.5

Book No. Se 586

N. L. 38.

MGIPC—S1—19 LNL/62—27-3-63—100,000.

ਹੱਕ ਰਾਖਵੇਂ ਹਨ ।

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਪੰਜਾਬ ਤੇ ਸਿੱਖ

ਲਿਖਤ

ਭਾਈ ਸੇਵਾ ਸਿੰਘ ਜੀ

ਘਰਤਾ

ਮੋਖਸ਼ ਮਾਰਗ, ਸ੍ਵਰਗੀ ਜੀਵਨ,
ਵੇਦਕ ਸ਼ਾਦੀ ਕੀ ਫਜ਼ੀਲਤ, ਅੰਮ੍ਰਿਤ,
ਸੂਰਮੇ ਲਈ ਮੁਮੀਰਾ, ਅੰਨ੍ਹਾ ਚੂਹਾ ਥੋਥੇ ਧਾਨ,
ਦਯਾ ਨੰਦ ਚਰਿਤ੍ਰ, ਧੋਤੇ ਮੂੰਹ ਚਪੇੜ, ਚੋਲਾ ਸਾਹਿਬ
ਨੂਰ ਕਾ ਫਤੂਰ, ਅਫਜ਼ਲਉਲ ਅੰਬੀਆ ਵ ਪੈਗੰਬਰੋਂ ਕੇ
ਸ਼ਾਹਿਨ ਸ਼ਾਹ ਗੁਰੂ ਨਾਨਕ, ਹਾਏ ਔਲਾਦ,
ਗੁਰੂ ਨਾਨਕ ਸਾਹਿਬ ਔਰ ਇਸਲਾਮ,
ਤਵਾਫੇ ਕਾਅਬਾ ਪੱਥਰ ਪੂਜਾ ਕਿਉਂ
ਕੀ ਜਾਤੀ ਹੈ? ਆਦਿ ।

---

"ਗਿਆਨ ਪ੍ਰੈਸ" ਅੰਮ੍ਰਿਤਸਰ ਵਿਚ ਭਾਈ ਮੋਹਨ ਸਿੰਘ
ਜਸੂਜਾ ਮੈਨੇਜਰ ਦੇ ਯਤਨ ਨਾਲ ਛਪਿਆ ।

NATI
2761
10 7 1963
CALCUTTA

# ਭੂਮਿਕਾ

ਬੁਲ ਬੁਲ! ਆ ਜਾ ਮਿਲ ਕੇ ਦੋਵੇਂ,
ਹਾ! ਹਾ! ਕਾਰ ਮਚਾਈਏ।
ਤੂੰ ਫੁੱਲਾਂ ਦੇ ਪਾ ਕੀਰਨੇ,
ਅਸੀ ਗ਼ਮ ਦੀ ਕਥਾ ਸੁਣਾਈਏ।

ਓਹ ਖਾਲਸਾ ਸਲਤਨਤ ਜਿਸਦੇ ਐਸ਼ਵਰਜ਼ ਦਾ ਸੂਰਜ ਕੱਲ ਮੱਧਯਾਸਨ ਤੇ ਆਪਣੀ ਸ਼ਾਨ ਨਾਲ ਚਮਕ ਵੇਖਣ ਵਾਲਿਆ ਦੀਆਂ ਅੱਖਾਂ ਚੁੰਧਜਾ, ਜਿਸਦਾ ਪ੍ਰਤਾਪ ਹਰ ਇਕ ਤੇ ਪਰਤੋਂ ਪਾ, ਤੇ ਜਿਸ ਦਾ ਜਲਾਲ ਹਰ ਆਪਣੇ ਬਿਗਾਨੇ ਦੇ ਦਿਲ ਤੇ ਛਾ ਰਿਹਾ ਸੀ!

ਓਹ ਖਾਲਸਾ ਸਲਤਨਤ ਜਿਸਦੇ ਮਹਾਂ ਬਲੀ ਜਰਨੈਲਾਂ ਦੇ ਨਾਮ ਸੁਣ ਕਾਬਲ ਕੰਧਾਰ ਦੀਆਂ ਕੰਧਾਂ ਕੰਬਦੀਆਂ, ਬਲੋਚਸਤਾਨ ਤੇ ਈਰਾਨ ਦੀ ਧਰਤੀ ਥਰ ਥਰਾਂਦੀ, ਕਸ਼ਮੀਰ ਤੇ ਤਿਬੱਤ ਦੇ ਇਲਾਕਿਆਂ ਵਿਚ ਸਨਸਨੀ ਛਾ ਛਾ ਜਾਂਦੀ ਸੀ, ਜਿਸ ਨੂੰ ਰਸਤਾ ਦੇਣ ਲਈ ਪਹਾੜ ਸੜਕਾਂ ਦੀ ਸ਼ਕਲ ਵਿਚ ਤਬਦੀਲ ਹੋ ਜਾਂਦੇ ਤੇ ਅਟਕ ਵਰਗੇ ਚਲਦਿਆਂ ਦੇ ਰਸਤੇ ਵਿਚ ਅਟਕ ਪਾਣ ਵਾਲੇ ਦਰਯਾ ਰੁਕ ਜਾਂਦੇ ਤੇ ਸੁੱਕ ਜਾਂਦੇ ਸੀ!

ਓਹ ਖਾਲਸੇ ਦੀ ਸਲਤਨਤ ਜਿਸਦੀ ਵਿਜੱਈ ਸੈਨਾਂ ਦੀਆਂ ਮੁਹਾਰਾਂ ਮੋੜਨ ਵਾਲਾ ਇਸ ਭੂ ਮੰਡਲ ਵਿਚ ਕੋਈ ਨਹੀਂ ਸੀ, ਜਿਸਦੀ ਮਿਆਨੋਂ ਨਿਕਲੀ ਤਲਵਾਰ ਦਾ ਵਾਰ ਸਹਾਰਨ ਦੀ ਕਿਸੇ ਵਿਚ ਸਮਰੱਥਾ ਨਹੀਂ ਸੀ, ਜਿਸਦੀ ਆਮਦ ਸੁਣ ਦੁਸ਼ਮਨਾਂ ਦੇ ਦਿਲਾਂ ਤੇ ਮੁਰਦਨੀ ਛਾ ਜਾਂਦੀ ਤੇ ਦਵੈਖੀਆਂ ਨੂੰ ਦਹਸ਼ਤ ਅਪਾਹਜ ਬਣਾਂਦੀ ਸੀ, ਜਿਸਦੇ ਕਦਮ ਹਮੇਸ਼ਾ

ਕਾਮਯਾਬੀ ਵਲ ਵਧਦੇ ਰਹੇ ਤੇ ਫਤਹ ਨੇ ਹਰ ਮੈਦਾਨ ਜਿਸਦਾ ਸਾਥ ਦਿਤਾ !

ਪੂਰਬ ਵੱਲੋਂ ਆਵਾਜ਼ ਆਉਂਦੀ ਹੈ ਓਹ ਖਾਲਸਾ ਸਲਤਨਤ ਕਿੱਥੇ ਗਈ? ਪੱਛਮ ਵਲੋਂ ਪੁੱਛ ਹੁੰਦੀ ਹੈ ਉਸਨੂੰ ਕੀ ਹੋਇਆ? ਉੱਤਰੋਂ ਸੱਦ ਆਉਂਦੀ ਹੈ ਓਹ ਕਿੱਕੁਣ ਮਿਟੀ? ਦੱਖਣ ਵੱਲੋਂ ਪ੍ਰਸ਼ਨ ਹੁੰਦਾ ਹੈ ਉਹ ਕਿਕੁਣ ਅਲੋਪ ਹੋਈ? ਧਰਤੀ ਪੁਛਦੀ ਹੈ ਉਸਦੇ ਖੇਰੂ ਖੇਰੂ ਹੋਣ ਦਾ ਕਾਰਨ ਕੀ ਸੀ? ਤੇ ਅਕਾਸ਼ ਪੁਛਦਾ ਹੈ ਉਸਦੇ ਬੇ-ਨਿਸ਼ਾਂ ਹੋਣ ਦੇ ਸਬਬ ਕੇਹੜੇ ਸਨ ?

ਇਹ ਇੰਨੀ ਦੁੱਖਾਂ ਭਰੀ ਦਾਸਤਾਨ ਤੇ ਇਹ ਇੰਨਾਂ ਦਰਦਨਾਕ ਬਿਆਨ ਹੈ ਕਿ ਜਿਸਦੀ ਯਾਦ ਮਾਤਰ ਨਾਲ ਛਾਤੀ ਧੜਕਦੀ, ਕਲੇਜਾ ਫਟਦਾ, ਸਿਰ ਚਕਰਾਂਦਾ ਤੇ ਹੱਥਾਂ ਵਿਚੋਂ ਕਲਮ ਖਿੜਕ ਖਿੜਕ ਜਾਂਦਾ ਹੈ, ਕਿੰਤੂ ਸਿੱਖ ਇਤਹਾਸ ਦਾ ਇਹ ਕਾਂਡ ਜਿੱਕੁਣ ਦਿਲ ਦੋਜ਼ ਸੀਨਾ ਸੋਜ਼ ਦਰਦ ਅੰਗੇਜ਼ ਤੇ ਰਿੱਕਤ ਖੇਜ਼ ਹੈ, ਉੱਕਣ ਹੀ ਸਿਖਜਾ ਦਾਇਕ ਵੀ ਹੈ।

ਹੇ! ਇਸ ਉੱਚੀ ਤੇ ਸੁੱਚੀ ਸ਼ਾਨ ਵਾਲੀ ਕੌਮ ਦੀ ਸਲਤਨਤ ਦੇ ਬਿਗੜਨ ਦੇ ਕਾਰਨਾਂ ਤੋਂ ਜਾਣੂੰ ਹੋਣ ਦੀ ਚਾਹ ਰੱਖਣ ਵਾਲੇ ਪਾਠਕ ! ਜ਼ਰਾ ਆਪਣੇ ਆਪ ਨੂੰ ਸੰਭਾਲ ਕੇ ਅਗਲੇ ਵਰਕ ਉਲਟ ਤੇ ਕਲੇਜੇ ਨੂੰ ਕਾਬੂ ਰੱਖਕੇ ਇਨ੍ਹਾਂ ਨੂੰ ਪੜ੍ਹ, ਕਿਉਂਕਿ:—

ਉਹ ਕਿਸੇ ਹੋਰ ਹਨ ਸੁਣ ਕਰ,<br>
ਜਿਨ੍ਹਾਂ ਨੂੰ ਨੀਂਦ ਆ ਜਾਏ।<br>
ਤੜਪ ਤੇ ਫੜਕ ਉੱਠੋਗੇ<br>
ਇਹ ਸੁਣਕੇ ਦਾਸ ਤਾਂ ਮੇਰੀ।

ਅੰਮ੍ਰਿਤਸਰ<br>
੧੫ ਅਕਤੂਬਰ ੧੯੨੧

ਸੇਵਾ [redacted]

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਪਹਿਲਾ ਖੰਡ

## ੧.

ਦਾਨਾ ਦ੍ਰਿੜ੍ਹ ਸੰਕਲਪ ਧਾਰ ਜਦ, ਬੀੜਾ ਕੋਈ ਉਠਾਂਦਾ।
ਟੁਕੜੇ ਟੁਕੜੇ ਕਰੇ ਪਹਾੜਾਂ, ਸਾਗਰ ਤੁਰਤ ਸੁਕਾਂਦਾ।
ਅਟਕ ਨ ਕੋਈ ਰਾਹ ਓਸਦੇ, ਅਟਕਾਂ ਪਾਵਣ ਹਾਰੀ।
ਦੂਰ ਔਕੜਾਂ ਆਪੇ ਹੋਵਨ, ਪਾਵੇ ਫਤਹ ਅਪਾਰੀ।

ਪੰਜਾਬ ਹਿੰਦੋਸਤਾਨ ਦਾ ਦਰਵੱਾਜਾ ਹੈ, ਉੱਤਰ ਵੱਲੋਂ ਜਿਨੇ ਹਮਲਾ ਆਵਰਾਂ ਚੜ੍ਹਾਈ ਕੀਤੀ ਇਸੇ ਰਾਹ ਹਿੰਦ ਵਿਚ ਆਏ, ਪੰਜਾਬ ਨੂੰ ਪਦ-ਦਲਤ ਕਰਦੇ, ਲੁੱਟ ਮਾਰ ਮਚਾਂਦੇ ਤੇ ਇਸ ਪੰਜ ਦਰਯਾਵਾਂ ਦੇ ਵਿੱਚ ਦੀ ਧਰਤੀ ਨੂੰ ਖੂਨ ਨਾਲ ਰੰਗ ਅੱਗੇ ਪੈਰ ਵਧਾਂਦੇ ਰਹੇ। ਮਾਹਮੂਦ ਦੇ ੧੭ ਹਮਲੇ ਇਸੇ ਰਾਹ ਹੋਏ, ਤੈਮੂਰ ਇਸੇ ਪਾਸਿਓਂ ਆਇਆ ਤੇ ਬਾਬਰ ਨੇ ਇਧਰੋਂ ਹੀ ਹੱਲਾ ਬੋਲਿਆ। ਬੇਹੱਦ ਬੇਤਰਸੀ ਤੇ ਨਿਰਦਯਤਾ ਨਾਲ ਤਬਾਹ ਤੇ ਬਰਬਾਦ ਕੀਤੇ ਪੰਜਾਬ ਦੇ ਫੱਟਾਂ ਤੇ ਅਜੇ ਚੰਗੀ ਤਰਾਂ ਮੌਲ ਵੀ ਨਹੀਂ ਬੱਝੇ ਸੀ ਤੇ ਗ਼ਜ਼ਨੀ ਦੇ ਬਾਜ਼ਾਰਾਂ ਵਿੱਚ ਦੋ ਦੋ ਰੁਪਯੇ ਤੋਂ ਹਿੰਦੀ ਯੋਬਨ ਵਤੀ ਲੜਕੀਆਂ ਤੇ ਮਰਦਾਂ ਦੇ ਭੇਡਾਂ ਬੱਕਰੀਆਂ ਵਾਂਗ (ਕਿੰਤੂ ਓਹਨਾਂ ਤੋਂ ਵੀ ਸਸਤਾ) ਵਿਕਣ ਦੇ ਹਿਰਦੇ ਵੇਧਕ ਨਜ਼ਾਰੇ ਅਜੇ ਚੰਗੀਤਰਾਂ ਅੱਖਾਂ ਅੱਗੋਂ ਲੋਪ ਵੀ ਨਹੀਂ ਹੋਏ ਸਨ ਕਿ ਇਸੇ ਪਾਸੋਂ ਨਾਦਰ ਸ਼ਾਹ, ਐਹਮਦ ਸ਼ਾਹ ਅਬਦਾਲੀ ਤੇ ਸ਼ਾਹ ਜ਼ਮਾਨ ਨੇ ਹਮਲੇ ਸ਼ੁਰੂ ਕਰ ਦਿਤੇ। ਇਨ੍ਹਾਂ ਦੀਆਂ ਫੌਜਾਂ ਦੀ ਲਗਾਤਾਰ ਚੜ੍ਹਾਈ ਨੇ ਪਿਸ਼ਾਵਰ ਤੋਂ ਲੈਕੇ ਦਿੱਲੀ ਤੱਕ ਜੋ ਸੜਕ ਜਾਂਦੀ ਹੈ ਇਸਦੇ ਪਾਸਿਆਂ ਦੇ ਸੌ ਸੌ ਸਵਾ [illegible] ਸੌ

ਮੀਲ ਦੀ ਵਿੱਥ ਦੇ ਪਿੰਡਾਂ ਦੀ ਵੱਸੋਂ ਲਈ ਜੀਵਨਾ ਅਸੰਭਵ ਕਰ ਦਿਤਾ, ਭੈ ਭੀਤ ਹੋਏ ਹੋਏ ਲੋਕੀ ਇੰਨੇ ਖਤਰੇ ਤੇ ਤੌਖਲੇ ਵਿਚ ਆਪਣੇ ਆਪ ਨੂੰ ਸਮਝਣ ਲੱਗੇ ਕਿ ਇਕ ਵੇਲੇ ਦੀ ਰੋਟੀ ਖਾ ਦੂਜੇ ਵੇਲੇ ਲਈ ਰੱਖੀ ਦਾ ਉਨ੍ਹਾਂ ਨੂੰ ਸ਼ੁਬ੍ਹਾ ਹੋਂਦਾ ਸੀ ਕਿ ਇਹ ਅਸੀ ਖਾਵਾਂਗੇ ਜਾਂ ਕਾਬਲੀ ਗਿਲਜੇ? ਹਰ ਨਿੱਕੇ ਤੇ ਵੱਡੇ ਦੀ ਜ਼ਬਾਨ ਤੇ ਏਹ ਹੀ ਗੱਲ ਚੜ੍ਹੀ ਹੋਈ ਸੀ ਕਿ:-

ਖਾਧਾ ਪੀਤਾ ਲਾਹੇ ਦਾ। ਰਹਿੰਦਾ ਐਹਮਦ ਸ਼ਾਹੇ ਦਾ॥

ਓਹ ਜ਼ੁਲਮ ਓਹ ਅੱਤਜ ਚਾਰ ਤੇ ਉਹ ਸਖਤੀਆਂ ਇਸ ਇਲਾਕੇ ਤੇ ਹੋਈਆਂ ਕਿ ਹਿੰਦ ਦੇ ਨਰ ਨਾਰੀ ਤ੍ਰਾਹ ਤ੍ਰਾਹ ਕਰ ਉਠੇ, ਇਸ ਸਾਲ ਬਸਾਲ ਆਉਣ ਵਾਲੀ ਬਿਪਤ ਨੂੰ ਆਮਲੋਕਾਂ ਦੀ ਤਰਾਂ ਗੁਜਰਾਂ ਵਾਲੇ ਦੇ ਸ੍ਰਦਾਰ ਮਾਂਹ ਸਿੰਘ ਦੇ ਨੌਨਿਹਾਲ ਰਣਜੀਤ ਸਿੰਘ ਨੇ ਵੀ ਅਨਭਵ ਕੀਤਾ ਇਨ੍ਹਾਂ ਦਾ ਦਿਲ ਮਾਤ੍ਰੀ ਭੂਮੀ ਦੀ ਇਸ ਦੁਰਦਸ਼ਾ ਨੂੰ ਵੇਖ ਭਰ ਆਇਆ, ਆਪਣੇ ਦੇਸ਼ ਵਾਸੀਆਂ ਨੂੰ ਇਸਤਰਾਂ ਨਿੱਤ ਨਵੇਂ ਸੂਰਜ ਲੁਟੀਂਦਾ ਤੇ ਕੋਹੀਂਦਾ ਵੇਖ ਉਹਨਾਂ ਦੀਆਂ ਰਗਾਂ ਵਿਚ ਖੂਨ ਉਬਲ ਉਠਿਆ, ਚੇਹਰੇ ਤੇ ਬੀਰ ਰਸ ਛਾ ਗਿਆ, ਅੱਖਾਂ ਲਾਲ ਹੋਈਆਂ, ਡੌਲੇ ਫਰਕਣ ਲੱਗੇ, ਹਥ ਬੇਵਸੇ ਹੋ ਤਲਵਾਰ ਵਲ ਵਧੇ ਤੇ ਇਨ੍ਹਾਂ ਪੰਜਾਬ ਨੂੰ ਖਾਸ ਕਰ ਤੇ ਹਿੰਦੋਸਤਾਨ ਨੂੰ ਆਮ ਕਰਕੇ ਉੱਤਰੀ ਹਮਲਾ ਆਵਰਾਂ ਦੇ ਹੱਥੋਂ ਬਚਾਣ ਲਈ ਮੈਦਾਨ ਵਿਚ ਕਦਮ ਰੱਖਿਆ। ਇਸ ਦੂਰਦਰਸ਼ੀ ਨੌਜਵਾਨਤੇ ਅਦੁਤੀ ਬਲਵਾਨ ਰਣਜੀਤਸਿੰਘ ਨੇ ਜਦ ਮੁਲਕ ਦੀ ਦਸ਼ਾ ਤੇ ਨਜ਼ਰ ਮਾਰੀ ਤਦ ਇਸ ਨੇ ਇਕ ਇਕ ਪਿੰਡ ਦਾ ਇਕ ਇਕ ਹਾਕਮ ਤੇ ਲਾਹੌਰ ਜਹੇ ਸ਼ੈਹਰਾਂ ਨੂੰ ਦੋ ਤਿੰਨਾਂ ਹਾਕਮਾਂ ਦੀ ਮਨਮੰਨੀ ਹਕੂਮਤ ਵਿਚ ਵੇ[illegible] ਇਸ ਬੁਧੀਵਾਨ ਤੇ ਤੇਜੱਸ੍ਵੀ ਇਨਸਾਨ ਨੇ ਪ੍ਰਤੀਤ [illegible]

ਇਸ ਦੇਸ ਦੀ ਤਬਾਹੀ ਦਾ ਕਾਰਨ ਇਸਦਾ ਇਕ ਝੰਡੇ ਦੇ ਹੇਠ ਨਾ ਹੋਣਾ ਹੈ। ਜੇ ਕਦੀ ਪੰਜਾਬ ਦਾ ਰਾਜ ਪ੍ਰਬੰਧ ਇੱਕ ਆਦਮੀ ਦੇ ਹੱਥ ਹੋਜਾਏ, ਤਦ ਇਹ ਹੀ ਨਹੀਂ ਕਿ ਫਿਰ ਪੰਜਾਬ ਵਲ ਕੋਈ ਨਜ਼ਰ ਉਠਾਕੇ ਨਹੀਂ ਵੇਖ ਸਕੇਗਾ, ਬਲਕੇ ਹਿੰਦ ਦਾ ਦਰਵਾਜ਼ਾ ਉੱਤਰੀ ਹਮਲਾ ਆਵਰਾਂ ਦੇ ਬੰਦ ਹੋਜਾਣ ਤੋਂ ਲੁੱਟ ਮਾਰ ਦੇ ਹਥੋਂ ਬਚ ਜਾਏਗਾ।

ਸਿੱਖ ਇਸ ਧਰਤੀ ਨੂੰ ਇਸ ਔਕੜ ਵਿਚੋਂ ਕਢ ਸਕਦੇ ਹਨ ਤੇ ਕਢਣ ਲਈ ਅਨਗਿਣਤ ਕੁਰਬਾਨੀ ਕਰ ਰਹੇ ਹਨ, ਕਿੰਤੂ ਉਹਨਾਂ ਦੇ ਵੀ ੧੨ ਮਿਸਲਾਂ ਵਿਚ ਵੰਡੇ ਹੋਣ ਕਰਕੇ ਓਹ ਨਤੀਜਾ ਨਹੀਂ ਨਿਕਲ ਰਿਹਾ ਜੋ ਨਿਕਲਨਾ ਚਾਹੀਦਾ ਹੈ। ਇਹ ਵਿਚਾਰ ਇਸ ਪ੍ਰਤਾਪੀਰ ਤੇਜਸਵੀ ਪ੍ਰਾਕਰਮੀ ਤੇ ਉਤਸ਼ਾਹੀ ਰਣਜੀਤ ਸਿੰਘ ਨੇ ਇਕ "ਦਲ" ਬਣਾਇਆ, ਨੇੜੇ ਤੇੜੇ ਦੇ ਪਿੰਡਾਂ ਤੇ ਫਿਰ ਇਲਾਕੇ ਨੂੰ ਇਕ ਸੂਤਰ ਵਿਚ ਪ੍ਰੋਣਾ ਸ਼ੁਰੂ ਕੀਤਾ, ਇਨ੍ਹਾਂ ਦੀ ਇਸ ਗਰਜ ਨਾਲ ਪੰਜਾਬ ਗੂੰਜ ਉਠਿਆ ਅਨੇਕਾਂ ਹਾਕਮਾਂ ਸ਼ਰਨ ਗ੍ਰਹਣ ਕੀਤੀ, ਵੈਰੀਆਂ ਦੇ ਕਾਲਜੇ ਧੜਕਣ ਲਗੇ, ਜਿਸ ਪਾਸੇ ਇਨ੍ਹਾਂ ਮੂੰਹ ਕੀਤਾ ਬੱਦਲ ਦੀ ਤਰਾਂ ਗੱਜਦੇ ਬਿਜਲੀ ਦੀ ਤਰਾਂ ਕੜਕਦੇ ਵੈਰੀ ਤੇ ਪੈ ਓਸਦਾ ਸਫਾਇਆ ਕਰ ਦਿਤਾ, ਫਿਰ ਕਦੀ ਉੱਤਰੀ ਹਮਲਾ ਆਵਰਾਂ ਨੂੰ ਇਧਰ ਮੂੰਹ ਉਠਾਣ ਦਾ ਹੀਆ ਨਹੀਂ ਪਿਆ, ਇਨ੍ਹਾਂ ਦੀ ਤੇਜ਼ ਤਲਵਾਰ ਦੀ ਧਾਰ ਨੇ ਕਸ਼ਮੀਰ, ਤਿੱਬਤ, ਲਦਾਖ ਤੋਂ ਚੀਨ ਤਕ ਧਾਕ ਬਠਾਈ, ਕਾਬਲ ਤੇ ਕੰਧਾਰ ਵਿੱਚ ਇਨ੍ਹਾਂ ਦੀ ਦੋਹੀ ਫਿਰੀ, ਮੁਲਤਾਨ ਡੇਰਾ ਇਸਮਾਈਲ ਖਾਂ ਆਦਿਕ ਇਲਾਕਿਆਂ ਨੂੰ ਇਨ੍ਹਾਂ ਦੀ ਹਕੂਮਤ ਵਿਚ ਹੋਣ ਦੀ ਇੱਜ਼ਤ ਮਿਲੀ ਤੇ ਚੰਬਾ ਬਸੋਹਲੀ ਆਦਿਕ ਰਿਆਸਤਾਂ ਮਹਾਰਾਜੇ ਦੇ ਅਧੀਨ ਹੋਣ ਤੇ ਮਾਣ ਕਰਨ ਲਗੀਆਂ,

ਆਪ ਨੂੰ ਪ੍ਰਜਾ ਦੇ ਪ੍ਰਤਿਨਿਧਾਂ ਵੱਲੋਂ ਮਹਾਰਾਜਾ ਦਾ ਖਿਤਾਬ ਮਿਲਯਾ, ਅਨਯ ਦੇਸ਼ ਵਾਸੀ ਆਪ ਦੀ ਸੂਰਮਤਾ ਨੂੰ ਵੇਖਕੇ "ਸ਼ੇਰਿ ਪੰਜਾਬ" ਮਹਾਰਾਜਾ ਰਣਜੀਤ ਸਿੰਘ ਕੇਹ ਆਪਦਾ ਜ਼ਿਕ੍ਰ ਕਰਨ ਲੱਗੇ, ਰੂਸ ਵੱਲੋਂ ਆਪਦੇ ਦਰਬਾਰ ਏਲਚੀ ਆਏ, ਫ੍ਰਾਂਸ ਵਲੋਂ ਤੋਹਫੇ ਅਪੜਨ ਲੱਗੇ ਤੇ ਗਵਰਨਮੈਂਟ ਬਰਤਾਨੀਆ ਮਹਾਰਾਜਾ ਨਾਲ ਮਿੱਤ੍ਰਤਾ ਕਾਇਮ ਹੋਣ ਤੇ ਫ਼ਖਰ ਸਮਝਨ ਲਗੀ। ਹਰੀ ਸਿੰਘ ਨਲੂਏ ਦੀਆਂ ਕੁਰਬਾਨੀਆਂ, ਬਾਬਾ ਫੂਲਾ ਸਿੰਘ ਵਰਗੇ ਅਕਾਲੀਆਂ ਦੀਆਂ ਸ਼ਹਾਦਤਾਂ ਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਦੁਤੀ ਬਲ ਤੋਂ ਚਾਰੇ ਚੱਕਾਂ ਵਿਚ ਖਾਲਸੇ ਦੀ ਸ਼ਾਨ ਦਾ ਡੰਕਾ ਵੱਜਣ ਲੱਗਾ, ਦੇਸ਼ ਦੇਸ਼ਾਂਤਰਾਂ ਤੇ ਦੀਪ ਦੀਪਾਂਤਰਾਂ ਵਿਚ ਖਾਲਸਾ ਸਲਤਨਤ ਇੱਜ਼ਤ ਦੀ ਨਿਗਾਹ ਨਾਲ ਵੇਖੀ ਜਾਣ ਲੱਗੀ।

ਮੌਤ! ਹਾਂ ਆਪਣੇ ਠੀਕ ਵਕਤ ਤੇ ਮੌਤ ਆ ਪੁਜੀ ਤੇ ਸ਼ੇਰੇ ਪੰਜਾਬ ੧ ਲਖ ੩੫ ਹਜ਼ਾਰ ਮੁਰੱਬਾ ਮੀਲ ਦੀ ਵਿਸ਼ਾਲ ਖਾਲਸਾ ਸਲਤਨਤ ਜਿਸ ਤੋਂ ੩ ਕਰੋੜ ੩੪ ਲੱਖ ੭੫ ਹਜ਼ਾਰ ਰੁਪਯੇ ਦੀ ਸਾਲਾਨਾ ਆਮਦਨ ਸੀ, ਕਾਇਮ ਕਰਕੇ ੨੭ ਜੂਨ ੧੮੩੯ ਨੂੰ ਪ੍ਰਲੋਕ ਸਿਧਾਰੇ। ਚੰਦਨ ਦੀ ਚਿਖ਼ਾ ਤਿਆਰ ਹੋਈ, ਸ਼ੇਰੇ ਪੰਜਾਬ ਦਾ ਸ੍ਰੀਰ ਉੱਸਦੇ ਉਪਰ ਰੱਖਯਾ ਗਿਆ ਤੇ ਲਕੜੀਆਂ ਨੂੰ ਅਗਨੀ ਦੇ ਦਿਤੀ ਗਈ, ਚਿਖਾ ਦੀ ਅਗਨੀ ਦੇ ਚਮਕਦਿਆਂ ਹੀ ਮਹਾਰਾਜੇ ਦੇ ਪ੍ਰਵਾਰ ਤੇ ਅਹਲਕਾਰ ਪ੍ਰਵਾਨਿਆਂ ਵਾਂਗ ਇਸ ਜਲਣ ਵਾਲੀ ਸ਼ਮਾਂ ਤੋਂ (ਜਿਸਨੇ ਆਪਣੀ ਰੋਸ਼ਨੀ ਨਾਲ ਪੰਜਾਬ ਨੂੰ ਮੁਨੱਵਰ ਕੀਤਾ ਸੀ) ਕੁਰਬਾਨ ਹੋਣ ਲਈ ਚਿਖਾ ਵਿਚ ਕੁੱਦਣ ਲੱਗੇ। ਸ਼ੇਰੇ ਪੰਜਾਬ ਜੀ ਦੇ ਦਿਲ ਹਿਲਾ ਦੇਣ ਵਾਲੇ ਚਲਾਣੇ ਤੋਂ ਧਿਆਨ [illegible] ਜੋਸੇ ਗ਼ੱਦਾਰਾਂ ਤੱਕਦੇ ਖ਼ੂਨ ਜੋਸ਼ ਵਿਚ ਆ ਗਏ, ਇੱਕ ਨਹੀਂ

ਦੋ ਨਹੀਂ ਤਿੰਨ ਵੇਰ ਚਿਤਾ ਵਿਚ ਕੁਦਣ ਲਈ ਧਿਆਨ ਸਿੰਘ ਦੌੜਿਆ ਜਿਸ ਨੂੰ ਮੁਸ਼ਕਲ ਨਾਲ ਫੜ ਫੜ ਕੇ ਰਖਿਆ ਗਿਆ।

ਸਿਖਾਂ ਸਮਝਿਆ ਓਹਨਾਂ ਦਾ ਤਾਜਦਾਰ ਸਰਦਾਰ, ਪੰਜਾਬੀਆਂ (ਹਿੰਦੂ ਤੇ ਮੁਸਲਮਾਨਾਂ) ਮਲੂਮ ਕੀਤਾ ਕਿ ਉਹਨਾਂ ਦਾ ਰੱਖਿਆਕਾਰ ਤੇ ਮਹਾਰਾਜਾ ਦੇ ਪ੍ਰਵਾਰ ਨੇ ਜਾਣਿਆਂ ਕਿ ਓਹਨਾਂ ਦਾ ਦਰਦੀ ਤੇ ਗ਼ਮ ਖਾਰ ਚਲ ਗਿਆ, ਕਿੰਤੂ ਇੱਕ ਕਵੀ ਨੇ ਮਹਾਰਾਜਾ ਦੀ ਚਿਖਾ ਦੇ ਜਲਣ ਵਿਚ ਜੋ ਵੇਖਯਾ ਬੇਹਬਲ ਹੋ ਉਸ ਨੂੰ ਇਉਂ ਵਰਨਨ ਕੀਤਾ:—

ਆਜ ਹੈ ਕਲੇਸ਼ ਦੇਸ ਵੇਸ ਹੈ ਫ਼ਕੀਰੀ ਭੇਸ
ਕੇਸ ਕੇਸ ਦੁਖੀ ਫਿਰੇਂ ਸਭੀ ਨਰ ਨਾਰੋ ਹੈ!
ਐਸੋ ਇਹ ਨਰੇਸ਼ ਬਲੀ ਕਾਂਪਤ ਧਰੇਸ਼ ਸਦਾ
ਛਾਯੋ ਪਰਤਾਪ ਬੀਚ ਕਾਬਲ ਕੰਧਾਰੋ ਹੈ!
ਅਹੋ ! ਕਾਲ ਫੇੜੀ ਆਜ ਰੇਖਾ ਭਾਲ ਕੀ
ਪੰਥ ਪਿਆਰੇ ਖਾਲਸਾ ਕੋ ਭਇਯੋ ਖੇਦ ਭਾਰੋ ਹੈ!
ਚਿਖਾ ਬੀਚ ਜਲੇ ਰਣਜੀਤ ਹਰਿ? ਨਹੀਂ! ਨਹੀਂ!
ਜਲ ਗਇਓ ਪੰਜਾਬ ਕੁ ਸੁਹਾਗ ਭਾਗ ਸਾਰੋ ਹੈ!

---

## ੨.

ਲੋਭੀ ਕਾ ਵਿਸਾਹੁ ਨਾ ਕੀਜੈ ਜੇਕਾ ਪਾਰ ਵਸਾਇ।
ਅੰਤ ਕਾਲ ਤਿਥੈ ਧੁਹੈ ਜਿਥੈ ਹਥ ਨ ਪਾਇ।

ਸ: ਵਾ: ਤੇ ਵਾ: ਮ: ੩

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਉਨ੍ਹਾਂ ਦੇ ਲੜਕੇ ਸ਼ਾਹਜ਼ਾਦਾ ਖੜਗ ਸਿੰਘ ਨੇ ੧ ਜੁਲਾਈ ੧੮੩੯ ਨੂੰ ਰਾਜ ਕਾਜ ਆਪਣੇ ਹਥ ਵਿਚ ਲਿਆ।

ਇਨ੍ਹਾਂ ਦਾ ਵਜ਼ੀਰ ਰਾਜਾ ਧਿਆਨ ਸਿੰਘ ਬਣਿਆਂ*। ਸ਼ੇਰੇ ਪੰਜਾਬ ਦੀ ਬੀਮਾਰੀ ਦੇ ਦਿਨਾਂ ਵਿਚ ਡੋਗਰਿਆਂ ਨੇ ਆਪਣੀ ਚਤੁਰਤਾ ਨਾਲ ਲਾਹੌਰ ਦਰਬਾਰ ਦੇ ਸਾਰੇ ਕੰਮ ਕਾਜਾਂ ਵਿਚ ਆਪਣਾ ਹਥ ਅੜਾ ਲਿਆ ਸੀ, ਉਸ ਤੋਂ ਮਹਾਰਾਜਾ ਖੜਗ

---

*ਜੰਮੂ ਦੀ ਰਿਆਸਤ ਵਿਚ ਅਸਮੈਹਲ ਪੁਰ ਡੇਉਲੀ ਨਾਮ ਪਿੰਡ ਵਿਚ ਜੋ ਜੰਮੂ ਤੋਂ ੭ ਕੋਹ ਦੀ ਵਿਥ ਤੇ ਹੈ ਕੇਸਰ ਨਾਂ ਦੇ ਡੋਗਰੇ ਦੇ ਘਰ ੧੭੮੮-੧੭੯੭-ਤੇ ੧੮੦੧ ਵਿਚ ਤਿੰਨ ਲੜਕੇ ਹੋਏ ਜਿਨ੍ਹਾਂ ਦੇ ਨਾਮ ਉਸਨੇ ਗੁਲਾਬਾ ਧਿਆਨਾ ਤੇ ਸੁਚੇਤੂ ਰਖੇ, ਕੇਸਰ ਦਾ ਗੁਜ਼ਾਰਾ ਥੋੜੀ ਜੇਹੀ ਭੋਂ ਦੇ ਸਿਰ ਹੋਣ ਕਰਕੇ ਬੜੀ ਕਠਨਤਾ ਨਾਲ ਹੁੰਦਾ ਸੀ, ਗੁਲਾਬਾ ਤੇ ਧਿਆਨਾ ਜਵਾਨ ਹੁੰਦੇ ਹੀ ਨੌਕਰੀ ਦੀ ਭਾਲ ਵਿਚ ਘਰੋਂ ਨਿਕਲੇ, ਗੁਲਾਬਾ ਜੇਹਲਮ ੩) ਰੁਪਏ ਮਹੀਨੇ ਤੇ ਸਿਪਾਹੀਆਂ ਵਿਚ ਨੌਕਰ ਹੋ ਗਿਆ, ਪਰ ਕਿਸੇ ਝਗੜੇ ਦੇ ਕਾਰਨ ਇਥੋਂ ਨੌਕਰੀ ਛਡ ਭਿੰਬਰ ਦੇ ਸੁਲਤਾਨ ਖਾਂ ਪਾਸ ਨੌਕਰ ਜਾ ਹੋਇਆ।੧੮੧੧ ਵਿਚ ਸਣੇ ਭਾਈਆਂ ਨੌਕਰੀ ਦੀ ਢੂੰਡ ਵਿਚ ਲਾਹੌਰ ਆਇਆ, ਮਹਾਰਾਜਾ ਰਣਜੀਤ ਸਿੰਘ ਦੀਆਂ ਨਵੀਆਂ ਪਲਟਨਾਂ ਭਰਤੀ ਹੋ ਰਹੀਆਂ ਸਨ, ਮਿਸਰ ਦੀਵਾਨ ਚੰਦ ਨੇ ਇਨ੍ਹਾਂ ਨੂੰ ਵੀ ਸਵਾਰਾਂ ਵਿਚ ਭਰਤੀ ਕਰ ਲਿਆ, ਕਿੰਤੂ ਥੋੜੇ ਚਿਰ ਮਗਰੋਂ ਹੀ ਕਿਸਮਤ ਦੀ ਯਾਵਰੀ ਕਰਨ ਤੇ ਧਿਆਨਾ ਰਾਜਾ ਧਿਆਨ ਸਿੰਘ ਵਜ਼ੀਰ ਪੰਜਾਬ, ਗੁਲਾਬਾ ਰਾਜਾ ਗੁਲਾਬ ਸਿੰਘ ਵਾਲੀਏ ਜੰਮੂ ਤੇ ਸੁਚੇਤਾ ਰਾਜਾ ਸੁਚੇਤ ਸਿੰਘ ਬਣ ਗਿਆ, ਜੰਮੂ ਦਾ ਅੱਜ ਕੱਲ ਦਾ ਰਾਜ ਘਰਾਣਾ ਇਸੇ ਗੁਲਾਬ ਸਿੰਘ ਦੀ ਵੰਸ ਵਿਚੋਂ ਹੈ।

ਸਿੰਘ ਜੀ ਅਗਜਾਤ ਨਹੀਂ ਸਨ, ਤੇ ਓਹਨਾਂ ਨੇ ਸ਼ੇਰੇ ਪੰਜਾਬ ਦੀ ਬੀਮਾਰੀ ਦੇ ਦਿਨਾਂ ਵਿਚ ਅਖੀਂ ਵੇਖ ਲਿਆ ਸੀ ਕਿ ਇਨ੍ਹਾਂ ਅਤੇ ਕੰਵਰ ਨੌ ਨਿਹਾਲ ਸਿੰਘ ਨੂੰ ਮਹਾਰਾਜ ਦੇ ਪਾਸ ਖਬਰ ਸੁਰਤ ਲੈਣ ਜਾਣ ਵਾਸਤੇ ਕਈ ਕਈ ਘੰਟੇ ਡੇਉਢੀ ਅਗੇ ਉਡੀਕ ਕਰਨੀ ਪੈਂਦੀ ਸੀ, ਕਿੰਤੂ ਧਿਆਨ ਸਿੰਘ ਹਰ ਵਕਤ ਖੁੱਲਮ ਖੁੱਲ੍ਹਾ ਬਿਨਾਂ ਆਗਿਆ ਆ ਜਾ ਸਕਦਾ ਸੀ ਤੇ ਉਸਦਾ ਲੜਕਾ ਹੀਰਾ ਸਿੰਘ ਤਾਂ ਹਰ ਵੇਲੇ ਅੰਦਰ ਰੈਂਹਦਾ ਸੀ। ਮਿਸਟਰ ਸਮਿੱਥ ਨੇ ਤਾਂ ਐਥੋਂ ਤਕ ਲਿਖਯਾ ਹੈ ਕਿ ਸ਼ੇਰੇ ਪੰਜਾਬ ਨੇ ਅੰਤ ਸਮੇਂ ਖੜਗ ਸਿੰਘ ਨੂੰ ਬੁਲਾਇਆ, ਕਿੰਤੂ ਧਿਆਨ ਸਿੰਘ ਨੇ ਸ਼ਾਹਜ਼ਾਦਾ ਖੜਗ ਸਿੰਘ ਤੇ ਸ਼ੇਰ ਸਿੰਘ ਨੂੰ ਜਾਣ ਨਹੀਂ ਦਿੱਤਾ। ਇਹ ਪੁਰਾਣੇ ਹਾਲਾਤ ਪਤਾ ਹੀ ਸਨ, ਹੁਣ ਇਨ੍ਹਾਂ ਵੇਖਯਾ ਕਿ ਰਾਜ ਪ੍ਰਬੰਧ ਦੇ ਹਰ ਕੰਮ ਵਿਚ ਦਖਲ ਦੇਕੇ ਧਿਆਨ ਸਿੰਘ ਇਨਾਂ ਦੇ ਪੁਛੇ ਬਿਨਾਂ ਕਈ ਅਜਿਹੇ ਕੰਮ ਕਰ ਦੇਂਦਾ ਹੈ ਜੋ ਨਾ ਖਾਲਸਾ ਸਲਤਨਤ ਦੀ ਸ਼ਾਨ ਅਨਕੂਲ ਹੁੰਦੇ ਹਨ ਤੇ ਨਾ ਹੀ ਕੋਈ ਅਣਖ ਵਾਲਾ ਮਹਾਰਾਜਾ ਉਨ੍ਹਾਂ ਦੇ ਆਪਣੇ ਨਾਮ ਤੇ ਹੋਣ ਦੀ ਆਗਿਆ ਦੇ ਸਕਦਾ ਹੈ।

ਮਹਾਰਾਜਾ ਖੜਗ ਸਿੰਘ ਨੇ ਧਿਆਨ ਸਿੰਘ ਦੀ ਤਾਕਤ ਤੋੜਨ ਦਾ ਖਿਆਲ ਕੀਤਾ, ਸਭ ਤੋਂ ਪਹਿਲਾਂ ਉਸਨੂੰ ਮਹਲਾਂ ਵਿਚ ਜਾਣ ਤੋਂ ਰੋਕਿਆ, ਬੱਸ ਫਿਰ ਕੀ ਸੀ ਧਿਆਨ ਸਿੰਘ ਨੂੰ ਸੱਤੀਂ ਕੱਪੜੀਂ ਅੱਗ ਲੱਗ ਉੱਠੀ।

ਮਹਾਰਾਜਾ ਖੜਗ ਸਿੰਘ ਸ੍ਰਦਾਰ ਚੇਤ ਸਿੰਘ ਦੀ ਸਲਾਹ ਲੈਕੇ ਕੰਮ ਕਾਰ ਕਰਦੇ ਸੀ, ਇਸ ਨੂੰ ਓਹਨਾਂ ਵਜ਼ੀਰ ਬਣਾ ਲਿਆ, ਜਿਸਤੋਂ ਧਿਆਨ ਸਿੰਘ ਹੋਰ ਵੀ ਭੜਕ ਉਠਿਆ,

ਤੇ ਮਹਾਰਾਜਾ ਖੜਗ ਸਿੰਘ ਦੇ ਵਿਰੁਧ ਸਾ ਸ਼ਾਂ ਦਾ ਜਾਲ ਵਿਛਾਣਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲੀ ਚਾਲ ਧਿਆਨ ਸਿੰਘ ਨੇ ਜੋ ਚੱਲਣੀ ਚਾਹੀ ਉਹ ਆਮ ਸਿੱਖਾਂ ਵਿਚ ਮਹਾਰਾਜਾ ਖੜਗ ਸਿੰਘ ਨੂੰ ਬਦਨਾਮ ਕਰਨ ਦੀ ਸੀ, ਇਸ ਦੇ ਵਾਸਤੇ ਉਸਨੇ ਅਫਵਾਹ ਉਡਾਈ ਕਿ:—"ਖੜਗ ਸਿੰਘ ਨੇ ਅੰਗ੍ਰੇਜ਼ਾਂ ਦੀ ਅਧੀਨਤਾ ਸਵੀਕਾਰ ਕਰ ਲਈ ਹੈ, ਤੇ ਲਾਹੌਰ ਦਰਬਾਰ ਦੀ ਆਮਦਨੀ ਵਿਚੋਂ ਰੁਪਏ ਪਿਛੇ ਛੀ ਆਨੇ ਅੰਗ੍ਰੇਜ਼ਾਂ ਨੂੰ ਦੇਣੇ ਪ੍ਰਵਾਨ ਕਰ ਲਏ ਹਨ, ਖੜਗ ਸਿੰਘ ਅੰਗ੍ਰੇਜ਼ਾਂ ਦੀ ਮਦਦ ਨਾਲ ਸਿੱਖ ਸੈਨਾਂ ਤੇ ਸਿੱਖ ਸਰਦਾਰਾਂ ਨੂੰ ਹਟਾਣਾ ਚਾਹੁੰਦਾ ਹੈ ਤੇ ਸਿੱਖਾਂ ਦੀ ਥਾਂ ਅੰਗ੍ਰੇਜ਼ ਅਫਸਰ ਰੱਖੇ ਜਾਣਗੇ"। ਇਹ ਅਫਵਾਹ ਬਨ ਅਗਨੀ ਦੀ ਤਰਾਂ ਸਾਰੇ ਦੇਸ਼ ਵਿਚ ਫੈਲ ਗਈ, ਦਿਲ ਦੇ ਸਾਫ, ਕਪਟ ਰਹਤ ਤੇ ਸਰਲ ਸੁਭਾਵ ਸਿੱਖ ਧਿਆਨ ਸਿੰਘ ਦੀ ਇਸ ਚਾਲ ਵਿਚ ਫਸ ਗਏ, ਹਰ ਪਾਸੇ ਮਹਾਰਾਜ ਖੜਗ ਸਿੰਘ ਬਾਬਤ ਘ੍ਰਿਣਾ ਫੈਲ ਗਈ, ਜਿਥੇ ਕਿਥੇ ਵੀ ਸਿੱਖ ਜੁੜਦੇ ਖੜਗ ਸਿੰਘ ਦੀ ਅਯੋਗਤਾ ਦਾ ਵਰਨਨ ਕਰਨ ਲਗ ਪੈਂਦੇ। ਇਹ ਨਫਰਤ ਦਾ ਵੇਗ ਐਥੋਂ ਤਕ ਵਧ ਗਿਆ ਕਿ ਮਹਾਰਾਜਾ ਖੜਗ ਸਿੰਘ ਦੀ ਮਹਾਰਾਣੀ ਚੰਦ ਕੌਰ ਤੇ ਉਹਨਾਂ ਦੇ ਕੰਵਰ ਨੌ ਨਿਹਾਲ ਸਿੰਘ ਤੱਕ ਵੀ ਮਹਾਰਾਜੇ ਦੇ ਵਿਰੁਧ ਹੋ ਗਏ। ਕੰਵਰ ਨੌ ਨਿਹਾਲ ਸਿੰਘ ਓਹਨੀਂ ਦਿਨੀਂ ਪਸ਼ਾਵਰ ਵਿਚ ਸੀ, ਉਹ ਉਥੋਂ ਹੀ ਰਾਜਾ ਧਿਆਨ ਸਿੰਘ ਦੇ ਭਰਾਤਾ ਰਾਜਾ ਗੁਲਾਬ ਸਿੰਘ ਦੇ ਨਾਲ ਲਾਹੌਰ ਵਲ ਟੁਰ ਪਿਆ, ਰਸਤੇ ਵਿਚ ਰਾਜਾ ਗੁਲਾਬ ਸਿੰਘ ਨੇ ਕੰਵਰ ਨੌ ਨਿਹਾਲ ਸਿੰਘ ਦੇ ਕੰਨ ਹੋਰ ਵੀ ਭਰ ਦਿਤੇ, ਤੇ ਮਹਾਰਾਜ

ਖੜਗ ਸਿੰਘ ਦੇ ਵਿਰੁਧ ਭੜਕਾ ਦਿਤਾ। ਜਦ ਧਿਆਨ ਸਿੰਘ ਨੇ ਵੇਖਿਆ ਕਿ ਉਸਦਾ ਮੰਤਰ ਚਲ ਗਿਆ ਹੈ ਤੇ ਮਹਾਰਾਜੇ ਦੇ ਲੜਕੇ ਤੇ ਮਹਾਰਾਣੀ ਤੋਂ ਲੈਕੇ ਸਾਰੇ ਸਰਦਾਰ ਤੇ ਸਿਪਾਹੀ ਉਨ੍ਹਾਂ ਦੇ ਵਿਰੁਧ ਹੋ ਗਏ ਹਨ, ਉਨ੍ਹਾਂ ਦੇ ਨਾਲ ਕਿਸੇ ਨੂੰ ਹਮਦਰਦੀ ਨਹੀਂ ਰਹੀ, ਤਦ ੮ ਅਕਤੂਬਰ ੧੮੩੯ ਈਸਵੀ ਨੂੰ ਸੂਰਜ ਨਿਕਲਨ ਤੋਂ ਦੋ ਘੰਟੇ ਪਹਿਲਾਂ ਆਪਣੇ ਦੋਨੋਂ ਭ੍ਰਾ ਗੁਲਾਬ ਸਿੰਘ ਸੁਚੇਤ ਸਿੰਘ ਤੇ ਸੰਧਾ ਵਾਲੀਏ ਸਰਦਾਰਾਂ ਨੂੰ ਨਾਲ ਲੈਕੇ ਚੁਪ ਚੁਪਾਤੇ ਕਿਲੇ ਵਿਚ ਜਾ ਵੜਿਆ,ਅਗੋਂ ਖੜਗ ਸਿੰਘ ਦੇ ਕੁਝ ਸੇਵਕਾਂ ਨੇ ਧਿਆਨ ਸਿੰਘ ਦਾ ਟਾਕਰਾ ਕੀਤ੍ਰਾ, ਜੋ ਉਥੇ ਹੀ ਮਾਰ ਦਿਤੇ ਗਏ। ਉਥੇ ਪੈਹਰੇਦਾਰਾਂ ਨੇ ਧਿਆਨ ਦੇ ਆਦਮੀਆਂ ਦਾ ਟਾਕਰਾ ਕਰਨਾ ਚਾਹਿਆ ਪਰ ਧਿਆਨ ਸਿੰਘ ਨੂੰ ਵੇਖਦੇ ਹੀ ਪਿਛੇ ਹਟ ਗਏ,ਕੰਵਰ ਨੌਂ ਨਿਹਾਲ ਸਿੰਘ ਤੇ ਉਸਦੀ ਮਾਤਾ ਚੰਦ ਕੌਰ ਵੀ ਧਿਆਨ ਸਿੰਘ ਦੇ ਪਿਛੇ ਪਿਛੇ ਅੰਦਰ ਚਲੇ ਗਏ ਤਾਂਕਿ ਮਹਾਰਾਜਾ ਖੜਗ ਸਿੰਘ ਨੂੰ ਕੋਈ ਸ੍ਰੀਰਕ ਖੇਦ ਨਾ ਦਿਤਾ ਜਾਏ। ਮਹਾਰਾਜਾ ਖੜਗ ਸਿੰਘ ਇਸ ਤਰਾਂ ਅੱਚਣ ਚੇਤ ਆਪਣੇ ਆਪਨੂੰ ਧਿਆਨ ਸਿੰਘ ਦੇ ਫੰਧੇ ਵਿਚ ਫਾਥਾ ਵੇਖ ਹੱਕੇ ਬੱਕੇ ਰੈਹ ਗਏ,ਕਿੰਤੂ ਆਪਣੇ ਆਪ ਨੂੰ ਬੇ ਬਸ ਤੇ ਬਹੁਤਿਆਂ ਵਿਚ ਘਿਰਿਆ ਵੇਖ ਮੂੰਹ ਤੋਂ ਕੁਝ ਨਹੀਂ ਕਿਹਾ।

ਚੇਤ ਸਿੰਘ ਸੌਂਣ ਵਾਲੇ ਕਮਰੇ ਵਿਚ ਦੌੜਕੇ ਜਾ ਵੜਿਆ, ਧਿਆਨ ਸਿੰਘ ਨੇ ਓਸਨੂੰ ਉਥੇ ਜਾਕੇ ਫੜ ਆਂਦਾ, ਤੇ ਦੋ ਵੇਰ ਉਸਦੇ ਪੇਟ ਵਿਚ ਚਾਕੂ ਮਾਰ ਕੇ ਉਸਨੂੰ ਮਾਰ ਦਿੱਤਾ। ਚੇਤ ਸਿੰਘ ਦੇ ਸਾਥੀਆਂ ਨੂੰ ਵੀ ਉਥੇ ਹੀ ਕਤਲ ਕੀਤਾ, ਮਹਾਰਾਜਾ ਖੜਗ ਸਿੰਘ ਨੂੰ ਨਜ਼ਰ ਬੰਦ ਕਰ ਦਿਤਾ ਗਿਆ, ਫੇਰ ਮਹਾਰਾਜਾ

ਖੜਗ ਸਿੰਘ ਨੂੰ ਕਿਲੇ ਵਿਚੋਂ ਲੈ ਜਾ ਨਾਗਰ ਵਾਲੇ ਨਗਰ ਵਿਚ ਰੱਖਿਆ ਗਿਆ ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜਿਸਦੇ ਦਰਬਾਰ ਦਾ ਇਕ ਪਤਵੰਤਾ ਕਰਮਚਾਰੀ ਵਰਿਹਾਂ ਬੱਧੀ ਨਾਲ ਰੈਹਣ ਤੇ ਵੀ ਇਹ ਦੱਸਣ ਤੋਂ ਅਸਮਰੱਥ ਹੈ, ਕਿ ਉਸਦੀ ਸੱਜੀ ਅੱਖ ਵਿੱਚ ਨੁਕਸ ਹੈ ਕਿ ਖੱਬੀ ਵਿਚ, ਤੇ ਪੁਛਣ ਤੇ ਕੈਂਹਦਾ ਹੈ ਕਿ ਉਹਨਾਂ ਦੇ ਪ੍ਰਤਾਪ ਸ਼ੀਲ ਤੇ ਤੇਜਸ੍ਰੀ ਚੇਹਰੇ ਵੱਲ ਨਜ਼ਰ ਭਰਕੇ ਵੇਖਣ ਦੀ ਕਦੇ ਹਿੰਮਤ ਨਹੀਂ ਪਈ,ਅੱਜ ਉਹਨਾਂ ਦਾ ਲੜਕਾ ਉਹਨਾਂ ਦਾ ਗੱਦੀ ਨਸ਼ੀਂ ਇਕ ਲਾਲਚੀ ਕਰਮਚਾਰੀ ਦੇ ਖੜਯੰਤਰ ਨਾਲ ਤਖਤੋਂ ਉਤਾਰ ਨਜ਼ਰ ਬੰਦ ਕਰ ਦਿਤਾ ਗਿਆ ਹੈ। ਮਹਾਰਾਜਾ ਖੜਗ ਸਿੰਘ ਬੇ ਬਸ ਹੋਇਆ ਪਿਆ ਹੈ, ਉਸਦੇ ਸਾਹਮਣੇ ਉਸਦੇ ਵਜ਼ੀਰ ਨੂੰ ਕਤਲ ਕਰ ਦਿਤਾ ਗਿਆ ਹੈ ਤੇ ਉਸਦੀ ਮਹਾਰਾਣੀ ਤੇ ਕੰਵਰ ਤਕ ਨੂੰ ਓਸ ਨਾਲ ਮਿਲਣ ਤੋਂ ਵੰਚਤ ਕਰ ਦਿਤਾ ਗਿਆ ਹੈ। ਇਬਰਤ !

---

## ੩.

ਮਨਮੁਖਾ ਜਿਉ ਕਰ ਦੋਸਤੀ ਸੁਖ ਕਿ ਪੁਛਹਿ ਮਿਤ ।

[ਸਃ ਵਾਃ ਤੇ ਵਃ ਮਃ ੩

ਮਹਾਰਾਜਾ ਖੜਗ ਸਿੰਘ ਨੂੰ ਤਖਤੋਂ ਉਤਾਰ ਨਜ਼ਰ ਬੰਦ ਕਰਕੇ ਕੰਵਰ ਨੌ ਨਿਹਾਲ ਸਿੰਘ ਜਿਨਾਂ ਦੀ ਆਯੂ ਉਸ ਵੇਲੇ ੧੮ ਬਰਸ ਦੀ ਸੀ ਰਾਜ ਕਾਜ ਕਰਨ ਲਗੇ । ਧਿਆਨ ਸਿੰਘ ਵਜ਼ੀਰ ਬਣਿਆਂ, "ਪੁੱਤ ਕਪੁੱਤ ਪੰਘੂੜਿਓਂ ਹੀ ਪਛਾਣੇ ਜਾਂਦੇ ਹਨ"ਦੀ ਕਹਾਵਤ ਅਨੁਸਾਰ ਲਾਹੌਰ ਦਰਬਾਰ ਦਾ ਕੰਮ

ਹਥ ਵਿਚ ਲੈਂਦਿਆਂ ਹੀ ਕੰਵਰ ਨੌ ਨਿਹਾਲ ਸਿੰਘ ਏਸਤਰਾਂ ਸਮਝ ਦਾਨਾਈ ਤੇ ਨਿਪੁਨਤਾ ਨਾਲ ਕੰਮ ਸ਼ੁਰੂ ਕੀਤਾ, ਕਿ ਦਰਬਾਰ ਦੇ ਆਦਮੀਆਂ ਦੀਆਂ ਅੱਖੀਆਂ ਅੱਗੇ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਆ ਗਿਆ, ਤੇ ਹਰਇਕ ਦੇ ਦਿਲ ਵਿਚ ਇਹ ਖਿਆਲ ਉਤਪਨ ਹੋ ਗਏ ਕਿ ਇਹ ਮਹਾਰਾਜਾ ਬੜਾ ਪ੍ਰਤਾਪਸ਼ਾਲੀ ਹੋਵੇਗਾ, ਤੇ ਮਹਾਰਾਜਾ ਰਣਜੀਤ ਸਿੰਘ ਦੀ ਕਾਇਮ ਕੀਤੀ ਖਾਲਸਾ ਸਲਤਨਤ ਨੂੰ ਕਾਇਮ ਰਖਣ ਵਿਚ ਇਹ ਹਰ ਤਰਾਂ ਯੋਗ ਸਾਬਤ ਹੀ ਨਹੀਂ ਹੋਵੇਗਾ, ਬਲਕੇ ਉਸਨੂੰ ਹੋਰ ਵਧਾਏਗਾ।

ਕੰਵਰ ਨੌ ਨਿਹਾਲ ਸਿੰਘ ਨੇ ਧਿਆਨ ਸਿੰਘ ਆਦਿਕਾਂ ਦੇ ਜਾਲ ਵਿਚ ਫਸ ਆਪਣੇ ਪਿਤਾ ਮਹਾਰਾਜਾ ਖੜਗ ਸਿੰਘ ਨੂੰ ਤਖਤੋਂ ਤਾਂ ਉਤਰਵਾ ਦਿਤਾ ਤੇ ਆਪਣੀਆਂ ਅੱਖਾਂ ਦੇ ਸਾਹਮਣੇ ਚੇਤ ਸਿੰਘ ਤੇ ਉਸਦੇ ਸਾਥੀਆਂ ਦੀ ਹੱਤਿਆ ਹੁੰਦੀ ਵੇਖਕੇ ਜ਼ਬਾਨ ਤੱਕ ਨਾ ਹਲਾਈ, ਕਿੰਤੂ ਹੁਣ ਜਦ ਇਨ੍ਹਾਂ ਆਪ ਰਾਜ ਦਾ ਕੰਮ ਸੰਭਾਲਿਆ ਤਦ ਆਪਣੇ ਹਰ ਕੰਮ ਵਿਚ ਧਿਆਨ ਸਿੰਘ ਵਲੋਂ ਰੋਕ ਹੁੰਦੀ ਵੇਖੀ।

ਜੰਮੂ ਦੇ ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਪਹਿਲਾਂ ਹੀ ਕੁਝ ਘੱਟ ਨਹੀਂ ਸਨ, ਕਿੰਤੂ ਮਹਾਰਾਜਾ ਖੜਗ ਸਿੰਘ ਦੇ ਤਖਤੋਂ ਉਤਾਰਨ ਤੇ ਚੇਤ ਸਿੰਘ ਦੀ ਹੱਤਿਆ ਕਰਨ ਵਿਚ ਜੋ ਉਹਨਾ ਨੂੰ ਕਾਮਯਾਬੀ ਹੋਈ ਤੇ ਉਹਨਾਂ ਤੋਂ ਕਿਸੇਤਰਾਂ ਦੀ ਪੁਛ ਪ੍ਰਤੀਤ ਨਾ ਹੋਈ ਉਸਨੇ ਇਨ੍ਹਾਂ ਦਾ ਦਿਮਾਗ ਵਿਗਾੜ ਅਸਮਾਨ ਤੇ ਚੜ੍ਹਾ ਦਿਤਾ।

ਇਨ੍ਹਾਂ ਨੂੰ ਕੰਵਰ ਨੌ ਨਿਹਾਲ ਸਿੰਘ ਦੀ ਨਿਪੁੰਨਤਾ ਸੱਪ ਦੀ ਤਰਾਂ ਸ਼ੂਖਣ ਲੱਗੀ, ਇਹ ਚਾਹੁੰਦੇ ਸੀ ਕਿ ਕੋਈ

ਅਜਿਹਾ ਆਦਮੀ ਤਖਤ ਤੇ ਬੈਠਦਾ ਜੋ ਇਨ੍ਹਾਂ ਦੇ ਹਥ ਵਿਚ ਕਾਠ ਦੀ ਪੁਤਲੀ ਬਣਕੇ ਨਾਚ ਕਰਦਾ ਰੈਂਹਦਾ, ਵਿਹ ਜੋ ਜੀ ਚਾਹੇ ਕਰਦੇ ਇਨ੍ਹਾਂ ਤੋਂ ਕੋਈ ਪੁਛਨ ਵਾਲਾ ਨਾ ਹੁੰਦਾ, ਖੈਂਤੂ ਥੋੜੇ ਹੀ ਦਿਨਾਂ ਵਿਚ ਕੰਮ ਸੰਭਾਲ ਹਰ ਕੰਮ ਦੀ ਚੰਗੀ ਤਰਾਂ ਰੇਖ ਦੇਖ ਕਰਨ ਨੇ ਇਨ੍ਹਾਂ ਦੀਆਂ ਸਾਰੀਆਂ ਆਸਾਂ ਤੇ ਉਮੈਦਾਂ ਦਾ ਖ਼ੂਨ ਕਰ ਦਿਤਾ।

ਦੋਨੋਂ ਪਾਸਿਆਂ ਨੇ ਆਪਣੇ ਰਸਤੇ ਵਿਚ ਇਕ ਦੂਜੇ ਨੂੰ ਰੋਕ ਵੇਖ ਇਕ ਦੂਜੇ ਦੀ ਤਾਕਤ ਤੋੜਨ ਦੇ ਮਾਇਆ ਜਾਲ ਵਿਛਾਣੇ ਸ਼ੁਰੂ ਕੀਤੇ, ਅੰਗ੍ਰੇਜ਼ ਏਜੰਟ ਕਲਾਰਕ ਸਾਹਿਬ ਦੇ ਦਿਲ ਵਿਚ ਕੰਵਰ ਨੌਂ ਨਿਹਾਲ ਸਿੰਘ ਦੇ ਅੰਗ੍ਰੇਜ਼ਾਂ ਦੇ ਵਿਰੁਧ ਸਾਜ਼ਸ਼ ਕਰਨ ਦਾ ਬੀਜ ਪਾਇਆ ਗਿਆ, ਜਿਸ ਤੋਂ ਕੰਵਰ ਨੌਂ ਨਿਹਾਲ ਸਿੰਘ ਦੇ ਜੰਮੂ ਵਾਲਿਆਂ ਦੀ ਤਾਕਤ ਘਟਾਣ ਦੇ ਕੰਮ ਵਿਚ ਕਲਾਰਕ ਸਾਹਿਬ ਨੂੰ ਇਕ ਨਵੀਂ ਹੀ ਚਿੰਤਾ ਉਤਪਨ ਹੋ ਗਈ, ਤੇ ਡੋਗਰਿਆਂ ਦੀ ਤਾਕਤ ਤੋੜਨ ਦੇ ਕੰਮ ਵਿਚ ਇਹ ਬੀ ਰੁਕਾਵਟ ਹੋਣ ਲਗੇ,* ਮਿਸ-ਟਰ ਕਲਾਰਕ ਦੇ ਦਿਲ ਵਿਚ ਇਹ ਗੱਲ ਥਠਾਈ ਗਈ ਕਿ ਕੰਵਰ ਨੌਂ ਨਿਹਾਲ ਸਿੰਘ ਕਾਬਲ ਦੇ ਪਠਾਨਾਂ ਨੂੰ ਅੰਗ੍ਰੇਜ਼ਾਂ ਦੇ ਵਿਰੁਧ ਭੜਕਾ ਰਿਹਾ ਹੈ।

ਕਲਾਰਕ ਸਾਹਿਬ ਇਹ ਵੇਖਣਾ ਚਾਹੁੰਦੇ ਸੀ ਕਿ ਕੀ ਸਚ ਮੁਚ ਕੰਵਰ ਨੌਂ ਨਿਹਾਲ ਸਿੰਘ ਅਫ਼ਗਾਨ ਪਰਜਾ ਨੂੰ ਅੰਗ੍ਰੇਜ਼ਾਂ ਦੇ ਵਿਰੁਧ ਉਭਾਰਨ ਦਾ ਯਤਨ ਕਰ ਰਹੇ ਹਨ? ਕੰਵਰ ਨੌਂ ਨਿਹਾਲ ਸਿੰਘ ਨੇ ਸਾਬਤ ਕਰ ਦਿਤਾ ਕਿ ਇਹ ਗਲ

---

*ਸਿ: ਉ: ਪ: ਨਾਗਰੀ ਪ੍ਰਚਾਰਨੀ ਸਭਾ।

ਉਨ੍ਹਾਂ ਦੇ ਵਿਰੁਧ ਨਿਰਮੂਲ ਉਡਾਈ ਗਈ ਹੈ, ਇਨ੍ਹਾਂ ਨੇ ਅਜਿਹਾ ਕੰਮ ਕੋਈ ਨਹੀਂ ਕੀਤਾ, ਇਹ ਇਨਾਂ ਦੇ ਵੈਰੀਆਂ ਦੀ ਫੈਲਾਈ ਹੋਈ ਗਲ ਹੈ? ਇਸ ਨਵੇਂ ਉਤਪਨ ਹੋ ਗਏ ਸੰਕਟ ਵਿਚੋਂ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੇ ਯਤਨ ਵਿਚ ਲੱਗੇ ਹੋਏ ਕੰਵਰ ਨੌਨਿਹਾਲ ਸਿੰਘ, ਗੁਲਾਬ ਸਿੰਘ ਧਿਆਨ ਸਿੰਘ ਦੀ ਤਾਕਤ ਤੋੜਨ ਵਿੱਚ ਕਾਮਯਾਬ ਨਹੀਂ ਹੋ ਸਕੇ। ਗੁਲਾਬ ਸਿੰਘ ਧਿਆਨ ਸਿੰਘ ਇਹ ਵੇਖਕੇ ਕਿ ਅੰਗ੍ਰੇਜ਼ਾਂ ਤੇ ਕੰਵਰ ਨੌਨਿਹਾਲ ਸਿੰਘ ਨੂੰ ਇਕ ਦੂਜੇ ਦੇ ਵਿਰੁਧ ਕਰਨ ਦੀ ਜੋ ਚਾਲ ਚਲੀ ਸੀ ਉਸ ਵਿਚ ਕਾਮਯਾਬੀ ਨਹੀਂ ਹੋਈ, ਗਿੱਲੇ ਗੋਹੇ ਵਾਂਗ ਅੰਦਰੋ ਅੰਦਰ ਧੁਖ ਰਹੇ ਸੀ।

ਕੰਵਰ ਨੌ ਨਿਹਾਲ ਸਿੰਘ ਦੇ ਪ੍ਰਾਣ ਲੈਣਦੀ ਅਨਰਥ ਕਾਰੀ ਘੜੀ ਆ ਗਈ, ਜਿਸਦੇ ਕਾਰਨ ਪੰਜਾਬ ਦੀਆਂ ਆਸਾਂ ਨਿਰਾਸਤਾ ਵਿਚ ਬਦਲ ਗਈਆਂ, ਉਮੈਦਾਂ ਦਾ ਖੂਨ ਹੋ ਗਿਆ ਤੇ ਉਹ ਲੋਕ ਜੇਹੜੇ ਕੰਵਰ ਨੌ ਨਿਹਾਲ ਸਿੰਘ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਾਲੇ ਸਦ ਗੁਣ ਵੇਖਕੇ ਇਹ ਆਸ ਲਾਈ ਬੈਠੇ ਸਨ ਕਿ ਹੁਣ ਖਾਲਸਾ ਸਲਤਨਤ ਦਾ ਸਤਾਰਾ ਪਹਿਲੇ ਵਾਂਗ ਚਮਕ ਉਠੇਗਾ, ਕਲੇਜੇ ਫੜਕੇ ਬੈਹ ਗਏ।

ਧਿਆਨ ਸਿੰਘ ਗੁਲਾਬ ਸਿੰਘ ਨੇ ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌ ਨਿਹਾਲ ਸਿੰਘ ਨੂੰ ਇਕ ਦੂਜੇ ਤੋਂ ਬੇ ਹੱਦ ਘ੍ਰਿਣਾ ਉਤਪਨ ਕਰਾ ਦਿਤੀ ਹੋਈ ਸੀ, ਤੇ ਅਜਿਹੇ ਜਾਲ ਵਿਛਾ ਰਖੇ ਸੀ ਕਿ ਇਹ ਪਿਤਾ ਪੁੱਤਰ ਕਦੇ ਆਪਸ ਵਿਚ ਮਿਲ ਨਾ ਸਕਣ। ਸ਼ੁਰੂ ਨਵੰਬਰ ੧੮੪੦ ਵਿਚ ਮਹਾਰਾਜਾ ਖੜਗ ਸਿੰਘ ਬੀਮਾਰ ਹੋ ਗਏ, ਜੇਹੜੇ ਆਦਮੀ ਖੜਗ ਸਿੰਘ ਪਾਸ ਰਖਵਾਲੀ ਕਰਦੇ ਸੈਨ ਉਹਨਾਂ ਦੀ ਜ਼ਬਾਨੀ ਕੰਵਰ

ਨੌ ਨਿਹਾਲ ਸਿੰਘ ਨੂੰ ਕਹਾਇਆ ਗਿਆ ਕਿ "ਤੁਹਾਡਾ ਪਿਤਾ ਅੰਤ ਦੇ ਵੇਲੇ ਤੁਹਾਨੂੰ ਕੋਸ ਰਿਹਾ ਹੈ" ਸਚ ਹੈ ਉਧਾਲੇ ਨਾਲੋਂ ਸਿਖਾਲਾ ਬੁਰਾ, ਡੋਗਰਿਆਂ ਦੀ ਇਹ ਚਾਲ ਵੀ ਚਲ ਗਈ, ਕੰਵਰ ਨੌ ਨਿਹਾਲ ਸਿੰਘ ਦਾ ਮਨ ਆਪਣੇ ਪਿਤਾ ਤੋਂ ਅਜਿਹਾ ਚੜ੍ਹ ਗਿਆ ਕਿ ਓਹ ਉਹਨਾਂ ਦੀ ਸਖਤ ਬੀਮਾਰੀ ਦਾ ਹਾਲ ਸੁਣਕੇ ਵੀ ਪੁਛਣ ਲਈ ਨਹੀਂ ਪੁੱਜੇ।

੫ ਨਵੰਬਰ ੧੮੪੦ ਨੂੰ ਮਹਾਰਾਜਾ ਖੜਗ ਸਿੰਘ ੩੮ ਸਾਲ ਦੀ ਆਯੂ ਵਿਚ ਧਿਆਨ ਸਿੰਘ ਗੁਲਾਬ ਸਿੰਘ ਵਲੋਂ ਜਹਰ ਦੀ ਦਿਤੀ ਪੁੜੀ ਨਾਲ ਚਲਾਣਾ ਕਰ ਗਏ। ਕੰਵਰ ਨੌ ਨਿਹਾਲ ਸਿੰਘ ਕਿਤੇ ਬਾਹਰ ਸ਼ਿਕਾਰ ਖੇਡ ਰਹੇ ਸੀ, ਪਿਤਾ ਦੇ ਮਰਨ ਦੀ ਖਬਰ ਸੁਣ ਦੋ ਘੰਟੇ ਪਿਛੋਂ ਓਥੇ ਅਪੱੜੇ, ਉਸ ਵੇਲੇ ਕੰਵਰ ਨੌ ਨਿਹਾਲ ਸਿੰਘ ਦੇ ਨਾਲ ਰਾਜਾ ਗੁਲਾਬ ਸਿੰਘ ਦਾ ਲੜਕਾ ਊਧਮ ਸਿੰਘ ਵੀ ਸੀ, ਮਹਾਰਾਜਾ ਦਾ ਜਦ ਅੰਗੀਠਾ ਠੰਢਾ ਹੋ ਗਿਆ, ਤਦ ਇਹ ਸ਼ੈਹਰ ਵਲ ਮੁੜੇ, ਜਦ ਹਜ਼ੂਰੀ ਬਾਗ ਦੇ ਦਰਵਾਜੇ ਪਾਸ ਅਪੱੜੇ ਤਦ ਉਸ ਦਰਵਾਜੇ ਦਾ ਉਪਰਲਾ ਹਿੱਸਾ ਠੀਕ ਉਸ ਵੇਲੇ ਜਦ ਕਿ ਕੰਵਰ ਨੌ ਨਿਹਾਲ ਸਿੰਘ ਉਸਦੇ ਹੇਠ ਆਇਆ ਉਪਰੋਂ *ਡੇਗ ਦਿਤਾ ਗਿਆ, ਊਧਮ ਸਿੰਘ ਓਸੇ ਵੇਲੇ ਮਰ ਗਿਆ।

---

*ਦਰਵਾਜੇ ਦੀ ਛੱਤ ਗਿਰਨ ਦਾ ਕਲੰਕ ਲਗ ਭਗ ਸਾਰੇ ਲੇਖਕਾਂ ਧਿਆਨ ਸਿੰਘ ਤੇ ਗੁਲਾਬ ਸਿੰਘ ਦੇ ਮਥੇ ਲਾਇਆ ਹੈ, ਤੇ ਇਹ ਹੈ ਵੀ ਸੱਚ, ਇਨ੍ਹਾਂ ਨੇ ਆਪਣੇ ਰਾਹ ਵਿਚੋਂ ਰੋਕ ਹਟਾਣ ਲਈ ਅਜਿਹਾ ਕੀਤਾ। ਕੰਵਰ ਨੌਨਿਹਾਲ ਸਿੰਘ ਦੇ ਫੱਟੜ ਹੋਣ ਸਮੇਂ ਸ੍ਰ: ਲੈਹਣਾ ਸਿੰਘ ਤੇ ਹੋਰ ਕਿਸੇ*

ਹਾਂ ! ਉਸ ਦਿਨ ਜਦ ਕਿ ਕੰਵਰ ਨੌਨਿਹਾਲ ਸਿੰਘ ਦਾ ਸਿਰ ਸ਼ਾਹੀ ਤਾਜ ਨਾਲ ਸਸ਼ੋਭਤ ਹੋਣਾ ਸੀ, ਇਟਾਂ ਦੇ ਨਾਲ ਫਿਸ ਗਿਆ, ਇੰਨੀ ਸਖਤ ਚੋਟ ਆਈ ਕਿ ਕੰਵਰ ਨੌਨਿਹਾਲ ਸਿੰਘ ਨੂੰ ਗਸ਼ ਪੈ ਗਈ, ਕੁਝ ਚਿਰ ਹੋਸ਼ ਨਹੀਂ ਆਈ, ਧਿਆਨ ਸਿੰਘ ਫਟਫ਼ ਕੰਵਰ ਨੂੰ ਪਾਲਕੀ ਵਿਚ ਪਾਕੇ ਕਿਲੇ ਵਿਚ ਲੈ ਗਿਆ, ਸਰਦਾਰ ਲੈਹਣਾ ਸਿੰਘ ਮਜੀਠੀਏ ਕੰਵਰ ਦੀ ਇਹ ਦਸ਼ਾ ਵੇਖਕੇ ਪਾਲਕੀ ਦੇ ਨਾਲ ਹੋ ਟੁਰੇ, ਪਰ ਇਨ੍ਹਾਂ ਨੂੰ ਰੋਕ ਦਿਤਾ ਗਿਆ। ਕੋਈ ਸਰਦਾਰ ਪੀੜਤ ਕੰਵਰ ਨੌਨਿਹਾਲ ਸਿੰਘ ਦੇ ਪਾਸ ਅਪੜਨ ਨਹੀਂ ਦਿਤਾ ਗਿਆ। ਘਇਲ ਕੰਵਰ ਦੀ ਮਾਂ ਇਸ ਦੁਰਘਟਨਾਂ ਦੀ ਖਬਰ ਸੁਣਕੇ ਦੋਨਾਂ ਹਥਾਂ ਵਿਚ ਕਲੇਜਾ ਫੜਕੇ ਬੈਹ ਗਈ। ਰਾਜਾ ਧਿਆਨ ਸਿੰਘ ਆਪਣੇ ਤਿੰਨ ਆਦਮੀਆਂ ਦੇ ਨਾਲ ਕੰਵਰ ਨੌਨਿਹਾਲ ਸਿੰਘ ਪਾਸ ਰਹੇ, ਕੰਵਰ ਦੀ ਮਾਤਾ ਤੇ ਰਾਣੀ ਜੀ ਵੀ ਉਸਦੇ ਪਾਸ ਨਹੀਂ ਜਾਣ ਦਿਤੇ ਗਏ, ਦ ਘੰਟੇ ਪਿਛੋਂ ਕੰਵਰ ਦੀ ਮਾਤਾ ਰਾਣੀ ਚੰਦ ਕੌਰ ਨੂੰ ਕੰਵਰ ਦੇ ਮਰਨ ਦੀ ਖਬਰ ਮਿਲੀ। ਧਿਆਨ ਸਿੰਘ ਨੇ ਕੰਵਰ ਦੀ ਮਾਤਾ ਚੰਦ ਕੌਰ ਨੂੰ ਕਿਹਾ ਕਿ ਜੇ ਕਦੀ ਆਪ ਗਦੀ ਤੇ ਬੈਠਣਾ ਚਾਹੁੰਦੇ ਹੋ, ਤਦ ਕੰਵਰ ਦੇ ਮਰਨ ਦੀ ਖਬਰ ਲੁਕਾ ਰਖੋ, ਜਦ ਤਕ ਮੈਂ ਨਾ ਆਖਾਂ ਤਦ ਤਕ ਕਿਸੇ ਨੂੰ ਨਾ ਦਸੋ,

---

☞ਸਰਦਾਰ ਨੂੰ ਕੰਵਰ ਪਾਸ ਨਾ ਜਾਣ ਦੇਣਾ, ਕੰਵਰ ਦੀ ਰਾਣੀ ਤੇ ਉਸਦੀ ਮਾਤਾ ਨੂੰ ਉਨਾਂ ਦੇ ਬੇਹੱਦ ਯਤਨ ਤੇ ਵੀ ਕੰਵਰ ਦੇ ਸਨਮੁਖ ਨਾ ਕਰਨਾ, ਇਹ ਅਜੇਹੀਆਂ ਗੱਲਾਂ ਹਨ ਜਿਨਾਂ ਦੀ ਹੋਂਦ ਵਿਚ ਧਿਆਨ ਸਿੰਘ ਗੁਲਾਬ ਸਿੰਘ ਹੀ ਕੰਵਰ ਨੌਨਿਹਾਲ ਸਿੰਘ ਦੀ ਮ੍ਰਿਤੂ ਦਾ ਕਾਰਨ ਸਮਝੇ ਜਾ ਸਕਦੇ ਹਨ।

ਰਾਣੀ ਧਿਆਨ ਸਿੰਘ ਦੀ ਗਲ ਮੰਨ ਗਈ,ਤਿੰਨ ਦਿਨਾਂ ਤਕ ਕੰਵਰ ਦੇ ਮਰਨ ਦੀ ਖਬਰ ਤੋਂ ਦਰਬਾਰ ਨੂੰ ਅਗਜਾਤ ਰਖਿਆ ਗਿਆ, ਸ਼ੇਰ ਸਿੰਘ ਦੇ ਆਉਣ ਤੇ ਇਹ ਸਮਾਚਾਰ ਪ੍ਰਗਟ ਕੀਤਾ ਗਿਆ* ।

---

## ੩.

ਕੀ ਪੁਛੇਂ ਤੂੰ ਵਿਥਯਾ ਸਾਥੋਂ, ਗ਼ਮ ਦਰਦਾਂ ਦੀ ਭਾਈ।
ਹਰ ਅੰਗ ਵਿੱਚੋਂ ਚੀਸਾਂ ਉੱਠਣ, ਜਾਨ ਲਬਾਂ ਤੇ ਆਈ।

ਧਿਆਨ ਸਿੰਘ ਦੇ ਕਥਨ ਤੇ ਰਾਣੀ ਚੰਦਕੌਰ ਨੇ ਇਤਬਾਰ ਕਰਕੇ ਤਿੰਨ ਦਿਨ ਲਈ ਪੁੱਤਰ ਦੀ ਮੌਤ ਛੁਪਾ ਰੱਖੀ, ਕਿੰਤੂ ਧਿਆਨ ਸਿੰਘ ਦੇ ਦਿਲ ਵਿਚ ਕੁਝ ਹੋਰ ਸੀ, ਉਹ ਜਾਣਦਾ ਸੀ ਕਿ ਰਾਣੀ ਚੰਦਕੌਰ ਦੇ ਧੜੇ ਤੇ ਸੰਧਾ ਵਾਲੀਏ ਸ੍ਰਦਾਰ ਹਨ,ਜੇ ਕਦੀ ਰਾਣੀ ਚੰਦਕੌਰ ਤਖਤ ਤੇ ਬੈਠੀ ਤਦ ਰਾਜ ਦੀ ਵਾਗ ਡੋਰ ਕਿਸੇ ਹੋਰ ਦੇ ਹੱਥ ਚਲੀ ਜਾਵੇਗੀ, ਧਿਆਨ ਸਿੰਘ ਨੂੰ ਕੋਈ ਨਹੀਂ ਪੁੱਛੇਗਾ। ਇਹ ਵਿਚਾਰ ਉਸ ਨੇ ਚਾਰੇ ਪਾਸੇ ਨਿਗਾਹ ਮਾਰੀ, ਸ਼ੇਰ ਸਿੰਘ ਤੋਂ ਬਿਨਾਂ ਓਸਦੀ ਕਿਤੇ ਨਜ਼ਰ ਨਾ ਟਿਕੀ, ਉਸਨੇ ਸੋਚਿਆ ਕਿ ਜੇ ਕਦੀ ਸ਼ੇਰ ਸਿੰਘ ਗੱਦੀ ਤੇ ਬੈਠ ਜਾਏ, ਤਦ ਉਸ ਦੇ ਗੱਦੀ ਤੇ ਹੁੰਦਿਆਂ ਵੀ ਸਭ ਕੁਝ ਇਸੇ ਦੇ ਹੱਥ ਹੋਵੇਗਾ। ਇਸਨੇ ਫੈਸਲਾ ਕਰ ਲਿਆ ਕਿ ਜਿਵੇਂ ਕਿਵੇਂ ਬਣੇ ਸ਼ੇਰ ਸਿੰਘ ਨੂੰ ਤਖਤ ਤੇ

---

* ਵੇਖੋ ਲਤੀਫ ਲਿਖਤ ਪੰਜਾਬ ਦਾ ਇਤਹਾਸ।

ਬਠਾਇਆ ਜਾਵੇ, ਸ਼ੇਰ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਲੜਕਾ ਸੀ ਤੇ ਉਸ ਸਮੇਂ ਵਟਾਲੇ ਦੇ ਇਲਾਕੇ ਵਿਚ ਜਾਗੀਰ ਵਿਚ ਸੀ। ਧਿਆਨ ਸਿੰਘ ਨੇ ਉਸ ਵਲ ਆਦਮੀ ਭੇਜਿਆ ਕਿ ਛੇਤੀ ਅਪੜੋ, ਤਾਕਿ ਲਾਹੌਰ ਦੇ ਤਖਤ ਤੇ ਤੁਹਾਨੂੰ ਬਠਾ ਦਿੱਤਾ ਜਾਵੇ, ਇਹ ਖਬਰ ਅਪੱੜਦਿਆਂ ਹੀ ਸ਼ੇਰ ਸਿੰਘ ਲਾਹੌਰ ਪੁਜ ਗਿਆ।

ਰਾਣੀ ਚੰਦਕੌਰ ਆਪਣੇ ਪਤੀ ਤੇ ਪੁੱਤਰ ਦੀ ਰਾਜ ਗੱਦੀ ਤੇ ਬੈਠਣ ਲਈ ਬੜੇ ਜ਼ੋਰ ਨਾਲ ਯਤਨ ਕਰਨ ਲੱਗੀ, ਉਸਨੇ ਦੱਸਿਆ ਕਿ ਕੰਵਰ ਨੌਨਿਹਾਲ ਸਿੰਘ ਦੀ ਰਾਣੀ ਗਰਭਵਤੀ ਹੈ, ਸੰਤਾਨ ਦੇ ਹੋਣ ਤੱਕ ਉਡੀਕ ਕਰਨੀ ਚਾਹੀਦੀ ਹੈ, ਇਸ ਸਮੇਂ ਲਈ ਮੈਂ ਰਾਜ ਪ੍ਰਬੰਧ ਕਰਾਂਗੀ। ਸੰਧਾ ਵਾਲੀਆਂ ਦੇ ਜ਼ੋਰ ਤੇ ਰਾਣੀ ਦੇ ਅਟੱਲ ਹਠ ਤੋਂ ਕੰਵਰ ਨੌ ਨਿਹਾਲ ਸਿੰਘ ਦੀ ਰਾਣੀ ਦੇ ਗਰਭਵਤੀ ਹੋਣ ਦੇ ਖਿਆਲ ਤੋਂ ਰਾਣੀ ਚੰਦਕੌਰ ਹੀ ਗੱਦੀ ਦੀ ਮਾਲਕ ਬਣੀ। ਕੁਝ ਸਪਤਾਹ ਬੀਤਣ ਤੇ ਪੰਜਾਬ ਦੇ ਦਰਬਾਰ ਦੀ ਇੰਜ ਬਣਤਰ ਬਣੀ।

(੧) "ਮਾਈ" ਜਾਂ "ਮਾਤਾ" ਪ੍ਰਧਾਨ ਕੰਮ ਕਰਨ ਵਾਲੀ ਜਾਂ ਇਉਂ ਕਹੋ ਕਿ ਕੰਵਰ ਨੌਨਿਹਾਲ ਸਿੰਘ ਦੀ ਹੋਣ ਵਾਲੀ ਸੰਤਾਨ ਦੀ ਪ੍ਰਤਿਨਿਧ ਨੀਯਤ ਹੋਈ।

(੨) ਸ਼ੇਰ ਸਿੰਘ, ਸਹਕਾਰੀ ਪ੍ਰਤਿਨਿਧ, ਜਾਂ ਇਉਂ ਸਮਝੋ ਕਿ ਵਜ਼ੀਰਾਂ ਦੀ ਸਭਾ ਦੇ ਪ੍ਰਧਾਨ ਹੋਏ

(੩) ਧਿਆਨ ਸਿੰਘ, ਵਜ਼ੀਰ।

ਕੰਵਰ ਨੌ ਨਿਹਾਲ ਸਿੰਘ ਦੇ ਗ੍ਰਹ ਲੜਕਾ ਹੋਇਆ, ਕਿੰਤੂ ਮੋਇਆ ਹੋਇਆ, ਹੁਣ ਫਿਰ ਰਾਜ ਪ੍ਰਾਪਤੀ ਲਈ ਜਤਨ ਹੋਣ ਲੱਗੇ, ਇਕ ਇਤਹਾਸਕਾਰ ਦਾ ਕਥਨ ਹੈ ਕਿ

ਸ਼ੇਰ ਸਿੰਘ ਨਾਲ ਚੰਦਕੌਰ ਦਾ ਫੈਸਲਾ ਹੋ ਚੱਲਿਆ ਸੀ, ਪ੍ਰੰਤੂ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਇਹ ਵਿਚਾਰਕੇ ਕਿ ਇਨ੍ਹਾਂ ਦੇ ਇੱਕ ਹੋ ਜਾਣ ਨਾਲ ਸਾਨੂੰ ਕੋਈ ਨਹੀਂ ਪੁਛੇਗਾ, ਦੋਹਾਂ ਨੂੰ ਅੱਡ ਅੱਡ ਕਰਨ ਦੀ ਗੋਂਦ ਗੁੰਦ ਦਿੱਤੀ, ਧਿਆਨ ਸਿੰਘ ਸ਼ੇਰ ਸਿੰਘ ਵਲ ਹੋ ਗਿਆ ਤੇ ਗੁਲਾਬ ਸਿੰਘ ਰਾਣੀ ਚੰਦਕੌਰ ਵੱਲ, ਇਸ ਤਰਾਂ ਇਨ੍ਹਾਂ ਦੋਹਾਂ ਨੂੰ ਪਾੜ ਦਿੱਤਾ। ਧਿਆਨ ਸਿੰਘ, ਸੁਚੇਤ ਸਿੰਘ ਤੇ ਸ਼ੇਰ ਸਿੰਘ ਆਪਸ ਵਿਚ ਮਿਲਕੇ ਜ਼ੋਰ ਲਗਾਣ ਲਗੇ, ਸ਼ੇਰ ਸਿੰਘ ਦਾ ਹੱਕ ਲਗ ਭਗ ਸਾਰੇ ਹੀ ਮੰਨਦੇ ਸੀ, ਕਿੰਤੂ ਰਾਣੀ ਤੋਂ ਤਖਤ ਛੁਡੌਣਾ ਵੀ ਕੋਈ ਮਾਮੂਲੀ ਗੱਲ ਨਹੀਂ ਸੀ, ਜਿਸ ਤੋਂ ਇਹ ਪ੍ਰਤੱਖ ਦਿਸ ਰਿਹਾ ਸੀ ਕਿ ਦਰਬਾਰ ਵਿਚ ਪ੍ਰੀਵਰਤਨ ਹੋਣ ਵਾਲਾ ਹੈ, ਇਸ ਪ੍ਰੀਵਰਤਨ ਵਿਚ ਕਿਸ ਕਿਸ ਨੂੰ ਬਿਪਤ ਗ੍ਰਸਤ ਹੋਣਾ ਪਏਗਾ, ਕਿਸ ਕਿਸ ਦੇ ਮੱਥਿਓਂ ਜਾਏਗੀ? ਇਹ ਕਿਸੇ ਨੂੰ ਖਬਰ ਨਹੀਂ।

ਸ਼ੇਰ ਸਿੰਘ ਤੇ ਧਿਆਨ ਸਿੰਘ ਆਪਣੀ ਤਾਕਤ ਵਧਾਣ ਦੇ ਯਤਨ ਵਿਚ ਲੱਗੇ, ਕਈ ਵਾਰੀ ਦੋਨੋਂ ਇਕੱਠੇ ਤੇ ਕਈ ਵਾਰੀ ਇਕ ੨ ਕਰਕੇ ਲਹੌਰ ਤੋਂ ਬਾਹਰ ਚਲੇ ਜਾਂਦੇ ਸੀ, ਤੇ ਆਪਣੀ ਤਾਕਤ ਵਧਾਣ ਤੇ ਲੜਾਈ ਦਾ ਸਾਮਾਨ ਕਰਨ ਦਾ ਪ੍ਰਬੰਧ ਕਰਦੇ ਸੀ। ਸ਼ੇਰ ਸਿੰਘ ਦੀ ਨਿਗਾਹ ਫੌਜ ਵੱਲ ਸੀ, ਉਸਨੇ ਫੌਜ ਨੂੰ ਤਨਖਾਹ ਵਧਾਣ ਤੇ ਇਨਾਮ ਆਦਿ ਦੇਣ ਦਾ ਇਕਰਾਰ ਕਰਕੇ ਬਹੁਤ ਸਾਰਾ ਹਿਸਾ ਆਪਣੇ ਹੱਥ ਵਿਚ ਕਰ ਲਿਆ ਸ਼ੇਰ ਸਿੰਘ ਨੂੰ ਯਕੀਨ ਸੀ ਕਿ ਜੇਹੜੇ ਵੇਲੇ ਲੜਾਈ ਛਿੜੀ ਫੌਜ ਉਸਦੀ ਮਦਦ ਕਰੇਗੀ।

ਅੰਗ੍ਰੇਜ਼ਾਂ ਨੇ ਹੁਣ ਤਕ ਆਪਣੇ ਕਾਗਤਾਂ ਵਿਚ ਚੰਦਕੌਰ ਦੇ ਕੰਵਰ ਨੌ ਨਿਹਾਲ ਸਿੰਘ ਦੀ ਗੱਦੀ ਤੇ ਬੈਠੇ ਹੋਣ ਜਾਂ

ਇਸ ਦੇ ਹੱਕ ਨੂੰ ਨਹੀਂ ਮੰਨਿਆ ਸੀ, ਸ਼ੇਰ ਸਿੰਘ ਨੇ ਆਪਣੇ ਹੱਕ ਦੀ ਬਾਬਤ ਗੱਲ ਛੇੜੀ, ਜਿਸਦੀਬ ਬਤ ਅੰਗ੍ਰੇਜ਼ਾਂ ਉੱਤਰ ਵਿਚ ਕਿਹਾ ਕਿ ਜਿਸ ਦਰਬਾਰ ਨਾਲ ਸਾਡਾ ੩੨ ਵਰਿਹਾਂ ਦਾ ਮਿਤਰਾਨਾ ਸੰਬੰਧ ਹੈ ਅਸੀਂ ਉਸ ਲਾਹੌਰ ਦਰਬਾਰ ਦਾ ਹੱਛਾ ਪ੍ਰਬੰਧ ਚਾਹੁੰਦੇ ਹਾਂ,ਤੇ ਬੱਸ। ਸ਼ੇਰ ਸਿੰਘ ਦੀ ਇੰਨੀ ਗਲ ਨਾਲ ਤਸੱਲੀ ਹੋ ਗਈ

ਰਾਣੀ ਦੇ ਵੱਲ ਰਾਜਾ ਗੁਲਾਬ ਸਿੰਘ ਤੇ ਸੰਧਾਂ ਵਾਲੀਏ ਸਰਦਾਰ ਸਨ, ਤੇ ਇਧਰ ਸ਼ੇਰ ਸਿੰਘ ਤੇ ਧਿਆਨ ਸਿੰਘ। ਫੌਜ ਦਾ ਕੁਝ ਹਿਸਾ ਰਾਣੀ ਚੰਦ ਕੌਰ ਵੱਲ ਵੀ ਸੀ, ਤੇ ਸ਼ੇਰ ਸਿੰਘਵੱਲ ਵੀ,ਦੋਹਾਂ ਪਾਸਿਆਂ ਤੋਂ ਅੰਦਰੋ ਅੰਦ੍ਰ ਲੜਾਈ ਦੀ ਤਿਆਰੀ ਹੋ ਰਹੀ ਸੀ, ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਵਟਾਲੇ ਜਾਗੀਰ ਤੇ ਭੇਜ ਦਿਤਾ ਤੇ ਆਪ ਜੰਮੂ ਚਲਾ ਗਿਆ ਤੇ ਉਥੇ ਆਪਣੇ ਪ੍ਰਯੋਜਨ ਦੀ ਕਾਮਯਾਬੀ ਲਈ ਪ੍ਰਬੰਧ ਕਰਨ ਲੱਗਾ।

ਧਿਆਨ ਸਿੰਘ ਤੋਂ ਵੱਖਰਾ ਇਕ ਜਵਾਲਾ ਸਿੰਘ ਵੀ ਸੀ ਜੋ ਲਾਹੌਰ ਦਰਬਾਰ ਦੇ ਵਜ਼ੀਰ ਹੋਣ ਦੇ ਸੁਖ ਸੁਪਨੇ ਲੈ ਰਿਹਾ ਸੀ, ਇਸ ਨੇ ਫੌਜ ਦਾ ਇਕ ਹਿੱਸਾ ਆਪਣੇ ਹੱਥ ਵਿਚ ਕਰ ਕੇ ਕੋਸ਼ਸ਼ ਕੀਤੀ ਕਿ ਧਿਆਨ ਸਿੰਘ ਨੂੰ ਖਬਰ ਕੀਤੇ ਤੋਂ ਬਿਨਾਂ ਹੀ ਉਹ ਸ਼ੇਰ ਸਿੰਘ ਨੂੰ ਸੱਦ ਲਾਹੌਰ ਦੇ ਤਖਤ ਤੇ ਬਿਠਾ ਆਪ ਵਜ਼ੀਰ ਬਣ ਜਾਏ।ਉਧਰ ਧਿਆਨ ਸਿੰਘ ਨੇ ਵੀ ਸ਼ੇਰ ਸਿੰਘ ਨੂੰ ਲਾਹੌਰ ਅੱਪੜਨ ਲਈ ਲਿਖ ਦਿੱਤਾ, ਸ਼ੇਰ ਸਿੰਘ ਦੇ ਲਾਹੌਰ ਅੱਪੜਦੇ ਹੀ ਬੁਧੂ ਸ਼ਾਹ ਦੇ ਆਵੇ ਤੇ ਇਨ੍ਹਾਂ ਨੂੰ ਫੌਜ ਆ ਮਿਲੀ, ਮਹਾਰਾਜਾ ਰਣਜੀਤ ਸਿੰਘ ਦੀ ਸੈਨਾਂ ਨੇ ਸ਼ੇਰ ਸਿੰਘ ਨੂੰ ਆਪਣਾ ਮਹਾਰਾਜਾ ਮੰਨ ਲਿਆ,

ਨਿਯਮ ਅਨੁਸਾਰ ਤੋਪਾਂ ਦੀ ਸਲਾਮੀ ਕੀਤੀ ਗਈ, ਜਨਰਲ ਵੈਂਟੋਰਾ ਤੇ ਰਾਜਾ ਸੁਚੇਤ ਸਿੰਘ ਵੀ ਨਵੇਂ ਮਹਾਰਾਜ ਨੂੰ ਆ ਮਿਲੇ ਤੇ ਫੌਜੀ ਸਰਦਾਰਾਂ ਨੇ ਨਜ਼ਰਾਨੇ ਪੇਸ਼ ਕੀਤੇ ਤੇ ਵਧਾਈਆਂ ਦਿਤੀਆਂ।

ਸ਼ੇਰ ਸਿੰਘ ੧ ਜਨਵਰੀ ੧੮੪੧ ਨੂੰ ਪਹੁ ਫੁੱਟਣ ਤੋਂ ਪਹਿਲਾਂ ਹੀ ਫੌਜ ਸਮੇਤ ਸ਼ੈਹਰ ਲਹੌਰ ਵਿਚ ਆ ਵੜਿਆ, ਦੂਜੇ ਪਾਸੇ ਗੁਲਾਬ ਸਿੰਘ ਤੇ ਹੋਰ ਸਰਦਾਰ ਵੀ ਸੁੱਤੇ ਹੋਏ ਨਹੀਂ ਸਨ, ਉਨ੍ਹਾਂ ਨੇ ਸ਼ਾਹਦਰੇ ਤੋਂ ਆਪਣੀ ਫੌਜ ਸੱਦਕੇ ਕਿਲੇ ਵਿੱਚ ਰਾਣੀ ਦੀ ਰੱਖਯਾ ਲਈ ਪ੍ਰਾਣਾਂ ਦੀ ਬਾਜ਼ੀ ਲਾਦਿਤੀ ਕਿਲੇ ਦੇ ਅੰਦਰ ਦੇ ਹਰ ਇਕ ਸਪਾਹੀ ਨੇ ਸੌਂਹ ਖਾਧੀ ਕਿ ਜਦ ਤੱਕ ਉਸਦੇ ਸ਼ਰੀਰ ਵਿੱਚ ਜਾਨ ਤੇ ਪ੍ਰਾਣ ਹਨ, ਓਹ ਰਾਣੀ ਦੀ ਰੱਖਿਆ ਕਰੇਗਾ।

ਸਵੇਰ ਦਾ ਸਮਾਂ ਸੀ, ਅਨੇਕਾਂ ਲਾਹੌਰ ਵਾਸੀ ਅਜੇ ਸੁੱਤੇ ਜਾਗੇ ਵੀ ਨਹੀਂ ਸਨ, ੬੦-੭੦ ਹਜ਼ਾਰ ਸਪਾਹੀ ਨੇ ਯੱਕੀ, ਦੇਹਲੀ ਤੇ ਟਕਸਾਲੀ ਦਰਵਾਜ਼ਿਓਂ ਲੰਘ ਬਾਦਸ਼ਾਹੀ ਮਸਜਿਦ ਉਤੇ ਜਿਸ ਵਿੱਚ ਰਾਜਾ ਗੁਲਾਬ ਸਿੰਘ ਨੇ ਲੜਾਈ ਦਾ ਸਾਮਾਨ ਰੱਖਿਆ ਹੋਇਆ ਸੀ ਕਬਜ਼ਾ ਕਰ ਲਿਆ। ਫਿਰ ਕਿਲੇ ਤੇ ਧਾਵਾ ਕਰ ਦਿਤਾ, ਜਿੱਕਣ ਸਮੁੰਦਰ ਦੀਆਂ ਲੈਹਰਾਂ ਪਹਾੜ ਨਾਲ ਟਕਰਾਂਦੀਆਂ ਹਨ, ਇਕਣ ਹੀ ਸਿੱਖ ਸੈਨਾ ਕਿਲੇ ਨਾਲ ਟਕਰਨ ਲੱਗੀ, ਦੋਹਾਂ ਪਾਸਿਆਂ ਤੋਂ ਬੰਦੂਕਾਂ, ਤੋਪਾਂ ਚੱਲਣ ਲੱਗੀਆਂ, ਲਗਾਤਾਰ ਅੱਗ ਵੱਸਨ ਲੱਗੀ, ਕਿਲੇ ਦੇ ਦਰਵਾਜ਼ੇ ਠੈਹਰ ਨ ਸੱਕੇ, ਓਹ ਛੇਤੀ ਹੀ ਟੁਟ ਗਏ, ੩੯ ਆਦਮੀ ਦਰਵਾਜ਼ੇ ਦੀ ਰੱਖਯਾ ਕਰ ਰਹੇ ਸਨ, ਦੋ ਤੋਂ ਬਿਨਾਂ ਸਭ ਮਾਰੇ ਗਏ, ਵੇਖਦੇ ਵੇਖਦੇ ਲਾਸ਼ਾਂ ਦਾ ਢੇਰ ਲੱਗ ਗਿਆ

ਤੇ ਖ਼ੂਨ ਦੀ ਨਦੀ ਵਗ ਟੁਰੀ, ਬਿਨਾਂ ਕਿਸੇ ਤਰਾਂ ਦੇ ਅਰਾਮ ਕੀਤੇ ਦੇ ਦੋਨੋਂ ਪਾਸਿਆਂ ਤੋਂ ਪੰਜ ਦਿਨ ਤੱਕ ਲੜਾਈ ਹੋਂਦੀ ਰਹੀ। ਸ਼ੇਰ ਸਿੰਘ ਦੀ ਫੌਜ ਨੇ ਸੁਰੰਗ ਲਾਕੇ ਕਿਲੇ ਨੂੰ ਉਡਾਣਾ ਚਾਹਿਆ, ਪਰ ਓਹ ਕਾਮਯਾਬ ਨਾ ਹੋਏ। ਕਿਲੇ ਤੋਂ ਤੋਪਾ ਦੀ ਮਾਰ ਨੇ ਸ਼ੇਰ ਸਿੰਘ ਦੀ ਸੈਨਾਂ ਦੇ ਕਿੰਨੀ ਵੇਰ ਪੈਰ ਉਖਾੜ ਦਿਤੇ, ਸ਼ੇਰ ਸਿੰਘ ਨੇ ਸ਼ਾਹੀ ਮਸਜਿਦ ਦੇ ਮੀਨਾਰਾਂ ਤੇ ਜ਼ੰਬੂਰਕ ਰੱਖ ਕੇ ਕਿਲੇ ਤੇ ਓਹ ਗੋਲੇ ਸੁੱਟੇ,ਕਿ ਕਿਲੇ ਵਿਚਦਿਆਂ ਲਈ ਕਿਲੇ ਅੰਦਰ ਟੁਰਨਾ ਵੀ ਮੁਸ਼ਕਲ ਕਰ ਦਿਤਾ, ਕਿਲੇ ਵਾਲੇ ਹਾਰ ਮੰਨਣ ਵਾਲੇ ਹੀ ਸਨ, ਕਿ ਧਯਾਨ ਸਿੰਘ ਵੀ ਜੰਮੂ ਤੋਂ ਆ ਗਿਆ ਤੇ ਕਈ ਹੋਰ ਛੋਟੇ ਛੋਟੇ ਰਾਜੇ ਅਪੜ ਗਏ, ਜਿਨ੍ਹਾਂ ਦੋਹਾਂ ਧਿਰਾਂ ਵਿੱਚੋਂ ਕਿਸੇ ਇੱਕ ਦਾ ਪੱਖ ਲੈ ਲਿਆ, ਅੰਤ ਸੁਲ੍ਹਾ ਦੀ ਗੱਲ ਸ਼ੁਰੂ ਹੋਈ।

ਰਾਣੀ ਚੰਦ ਕੌਰ ਦੇ ਵਲੋਂ ਗੁਲਾਬ ਸਿੰਘ ਨੇ ਇਨ੍ਹਾਂ ਸ਼ਰਤਾਂ ਤੇ ਕਿਲਾ ਖਾਲੀ ਕਰਨਾ ਪ੍ਰਵਾਨ ਕੀਤਾ:—

(੧) ਰਾਣੀ ਚੰਦ ਕੌਰ ਨੂੰ ੯ ਲੱਖ ਦੀ ਜਾਗੀਰ ਕਸ਼ਮੀਰ ਦੇ ਪਹਾੜ ਦੇ ਲਾਗੇ ਮਿਲੇ, ਜਿਸਦਾ ਪ੍ਰਬੰਧ ਗੁਲਾਬ ਸਿੰਘ ਕਰੇਗਾ।

(੨) ਕਿਲੇ ਦੀ ਸੈਨਾਂ ਝੰਡਾ ਉਡਾਂਦੀ ਹੋਈ ਕਿਲੇ ਤੇ ਸ਼ੈਹਰ ਤੋਂ ਬਾਹਰ ਚਲੀ ਜਾਵੇ, ਪਰ ਉਸ ਤੇ ਕੋਈ ਹਮਲਾ ਨਾ ਕਰੇ।

(੩) ਇਨ੍ਹਾਂ ਸ਼ਰਤਾਂ ਦੀ ਪਕਿਆਈ ਲਈ ਕੁਝ ਜ਼ਮਾਨਤ ਚ ਹੀਏ।

੬ ਦਿਨ ਦੀ ਲੜਾਈ ਦੇ ਮਗਰੋਂ ਸ਼ਰਤਾਂ ਮੰਨ ਲਈਆਂ ਗਈਆਂ, ਸ਼ੇਰਸਿੰਘ ਦਾ ਇਸ ਯੁਧ ਵਿੱਚ ਨੁਕਸਾਨ ਬਹੁਤ ਹੋਇਆ

੪੭੯੬ ਆਦਮੀ, ੬੧੦ ਘੋੜੇ ਤੇ ੩੨੦ ਬੈਲ ਮੋਏ, ਕਿਲੇ ਵਿੱਚਦੀ ਸੈਂਨਾਂ ਦੇ ੧੩੦ ਮਨੁੱਖ ਮਾਰੇ ਗਏ, ਗੁਲਾਬ ਸਿੰਘ ਨੇ ਕਿਲਾ ਖਾਲੀ ਕਰਨ ਸਮੇਂ ਅੰਦਰ ਜਿੰਨੇ ਹੀਰੇ ਲਾਲ ਜਵਾਹਰ ਮੋਤੀ, ਪੰਨੇ, ਤੇ ਹੋਰ ਅਮੁਲਜਾ ਚੀਜ਼ਾਂ ਸਨ, ਸਭਦੀਆਂ ਗਠੜੀਆਂ ਬਨ੍ਹਾਕੇ ਜੰਮੂ ਭਜਵਾ ਦਿਤੀਆਂ, ਖ਼ਾਲੀ ਕਿਲੇਦੀਆਂ ਦੀਵਾਰਾਂ ਛੱਡਕੇ ਕਿਲਾ ਖ਼ਾਲੀ ਕਰ ਦਿਤਾ, ਕਿਲੇ ਦੇ ਧਨ ਵਿਚੋਂ ਸਿਵਾਏ ਕੋਹਨੂਰ ਹੀਰੇ ਦੇ ਹੋਰ ਕੋਈ ਚੀਜ਼ ਸ਼ੇਰ ਸਿੰਘ ਨੂੰ ਨਹੀਂ ਮਿਲੀ, ਬਾਕੀ ਸਾਰੇ ਹੀਰੇ, ਲਾਲ, ਮੋਤੀ, ਆਦਿਕ ਗੁਲਾਬ ਸਿੰਘ ਲੁਟਕੇ ਜੰਮੂ ਲੈਗਿਆ।

ਰਾਣੀ ਚੰਦ ਕੌਰ ਦੀ ਜੋ ਜਾਗੀਰ ਸੀ ਉਸ ਵਿਚੋਂ ਥੋੜੀ ਜਹੀ ਰਕਮ ਰਾਣੀ ਨੂੰ ਦੇਕੇ ਬਾਕੀ ਸਾਰੀ ਰਕਮ ਰਾਜਾ ਗੁਲਾਬ ਸਿੰਘ ਹੜੱਪ ਕਰ ਜਾਂਦਾ ਸੀ, ਜੋ ਧਨ ਕਿਲੇ ਵਿਚੋਂ ਖੜਿਆ ਸੀ ਓਹ ਭੀ ਇਸਦੇ ਪਾਸ ਸੀ, ਇਸ ਰਕਮ ਨੂੰ ਸਮੂਲਚਾ ਹੀ ਹਜ਼ਮ ਕਰਨ ਲਈ ਕੁਝਚਿਰ ਮਗਰੋਂ ਰਾਣੀਚੰਦ ਕੌਰ ਦੀਆਂ ਨੌਕਰਿਆਣੀਆਂ ਨੇ ਧਿਆਨ ਸਿੰਘ ਦੇ ਕਹੇ ਤੇ ਉਸ ਦਾ ਸਿਰ ਗੁੰਦਦਿਆਂ ਇੱਟਾਂ ਮਾਰਕੇ ਸਿਰ ਪਾੜ ਦਿਤਾ, ਜਿਸ ਤੋਂ ਓਹ ਉਸੇ ਵੇਲੇ ਮਰ ਗਈ, ਕੰਵਰ ਨੌ ਨਿਹਾਲ ਸਿੰਘ ਦੀ ਤੀਵੀਂ ਨੂੰ ਵੀ ਧਿਆਨ ਸਿੰਘ ਨੇ ਮਰਵਾ ਦਿਤਾ, ਤੇ ਫਿਰ ਸੱਚਿਆਂ ਹੋਣ ਲਈ ਇਨਾਂ ਨੌਕਰਿਆਣੀਆਂ ਨੂੰ ਫਾਂਸੀ ਲਵਾ ਦਿਤਾ, ਇਸ ਤਰਾਂ ਇਹ ਸਾਰੀ ਰਕਮ ਗੁਲਾਬ ਸਿੰਘ ਬਿਨਾਂ ਡਕਾਰ ਲਏ ਦੇ ਹਜ਼ਮ ਕਰ ਗਿਆ।

## ੪.

ਦਿਲ ਦੇ ਫਫੋਲੇ ਫਟ ਗਏ,
ਦਿਲ ਹੀ ਦੇ ਦਾਗ਼ ਤੋਂ।
ਇਸ ਘਰ ਨੂੰ ਅੱਗ ਲੱਗ ਗਈ,
ਘਰ ਦੇ ਚਰਾਗ਼ ਤੋਂ।

੧੮ ਜਨਵਰੀ ੧੮੪੧ ਨੂੰ ਮਹਾਰਾਜਾ ਸ਼ੇਰ ਸਿੰਘ ਲਾਹੌਰ ਦੇ ਤਖ਼ਤ ਤੇ ਬੈਠਾ, ਕੀਤੇ ਹੋਏ ਬਚਨਾਂ ਦੇ ਪਾਲਨ ਵਾਸਤੇ ਰਾਜਾ ਧਜਾਨ ਸਿੰਘ ਨੂੰ ਵਜ਼ੀਰ ਤੇ ਉਸਦੇ ਭਰਾਤਾ ਸੁਚੇਤ ਸਿੰਘ ਨੂੰ ਫੌਜ ਦਾ ਸੈਨਾਪਤੀ ਨੀਯਤ ਕੀਤਾ।

ਸਿਖ ਸੈਨਾਂ ਨੂੰ ਇਸਤਰਾਂ ਰਾਜੇ ਦੀ ਬਦਲੀ ਦੇ ਨਾਲ ਹੀ ਓਹਨਾਂ ਆਦਮੀਆਂ ਤੋਂ ਜਿਨ੍ਹਾਂ ਵੱਲੋਂ ਇਨ੍ਹਾਂ ਨੂੰ ਨੁਕਸਾਨ ਪੁਜਾ, ਜਾਂ ਜਿਨ੍ਹਾਂ ਇਨ੍ਹਾਂ ਦੀ ਤਨਖਾਹ ਰੋਕੀ ਸੀ, ਬਦਲਾ ਲੈਣ ਦਾ ਮੌਕਾ ਮਿਲ ਗਿਆ, ਇਸ ਮਾਮਲੇ ਨੂੰ ਸ਼ੇਰ ਸਿੰਘ ਨੇ ਦਾਨਾਈ ਨਾਲ ਦਬਾ ਦਿੱਤਾ।

ਸ਼ੇਰ ਸਿੰਘ ਨੇ ਰਾਜ ਕਾਜ ਸੰਭਲ਼ਦੇ ਹੀ ਨਿਆਇ-ਸ਼ੀਲ ਤੇ ਦਬਦਬੇ ਵਾਲਾ ਹਾਕਮ ਹੋਣ ਦਾ ਸਬੂਤ ਦਿਤਾ, ਚੋਰ, ਡਾਕੂ, ਬਦਮਾਸ਼, ਰਾਹਜ਼ਨ ਉਸਦੇ ਨਾਮ ਤੋਂ ਡਰਦੇ ਤੇ ਥਰਥਰ ਕੰਬਦੇ ਸਨ। ਕਿਸੇ ਨੂੰ ਇਸ ਗੱਲ ਦਾ ਹੀਆ ਨਹੀਂ ਪੈਂਦਾ ਸੀ ਕਿ ਕਿਸੇ ਨੂੰ ਕਿਸੇ ਤਰਾਂ ਦਾ ਦੁਖ ਦੇਵੇ ਜਾਂ ਕਿਸੇ ਨਾਲ ਵਧੀਕੀ ਕਰੇ, ਇਨ੍ਹਾਂ ਦਾ ਕਾਨੂਨ ਗ਼ਰੀਬ ਤੇ ਅਮੀਰ ਲਈ ਇਕੋ ਜਿਹਾ ਸੀ, ਕਿਸੇ ਦੀ ਰੋ ਰਿਆਇਤ

ਨਹੀਂ ਹੁੰਦੀ ਸੀ, ਇਸਦੇ ਹੁਕਮ ਨਾਲ ਲਾਹੌਰ ਸ਼ੈਹਰ ਦੇ ਦੁਕਾਨ ਦਾਰਾਂ ਤਿੰਨ ਦਿਨ ਤੇ ਤਿੰਨ ਰਾਤਾਂ ਆਪਣੀਆਂ ਦੁਕਾਨਾਂ ਤੇ ਮਕਾਨਾਂ ਦੇ ਦਰਵਾਜੇ ਖੁੱਲੇ ਰੱਖੇ, ਕਿੰਤੂ ਕਿਸੇ ਦਾ ਸੂਈ ਦੇ ਨੱਕੇ ਜਿਨਾਂ ਨੁਕਸਾਨ ਨਹੀਂ ਹੋਇਆ। ਫੌਜ ਦੀ ਇਕ ਰੁਪਯਾ ਤਨਖਾਹ ਵਧਾ ਦਿੱਤੀ।

ਧਿਆਨ ਸਿੰਘ ਨੂੰ ਵਜ਼ੀਰ ਬਣਦਿਆਂ ਹੀ ਜਵਾਲਾ ਸਿੰਘ ਜੋ ਮਹਾਰਾਜਾ ਦਾ ਬੜਾ ਹੀ ਭਰੋਸੇ ਵਾਲਾ ਤੇ ਵਫਾਦਾਰ ਸਾਥੀ ਸੀ,ਮਿਟਾਣ ਦਾ ਖਿਆਲ ਆਇਆ,ਧਿਆਨ ਸਿੰਘ ਨੇ ਕਈ ਬਨਾਉਟੀ ਚਿਠੀਆਂ ਬਣਾਕੇ ਮਹਾਰਾਜੇ ਨੂੰ ਯਕੀਨ ਕਰਾ ਦਿੱਤਾ ਕਿ ਜਵਾਲਾ ਸਿੰਘ ਮਹਾਰਾਜੇ ਦੇ ਵਿਰੁੱਧ ਗੌਂਦ ਗੁੰਦ ਰਿਹਾ ਹੈ। ਜਵਾਲਾ ਸਿੰਘ ਆਪਣੀ ੬੦੦੦ ਸੈਨਾਂ ਨਾਲ ਸ਼ਾਹਦਰੇ ਰੈਂਹਦਾ ਸੀ,ਮਹਾਰਾਜਾ ਨੇ ਇਕ ਸਵਾਰ ਜਵਾਲਾਸਿੰਘ ਨੂੰ ਸੱਦਣ ਲਈ ਭੇਜਿਆ,ਇਹ ਸਵਾਰ ਧਯਾਨ ਸਿੰਘ ਦਾ ਸੀ, ਉਸ ਨੇ ਰਸਤੇ ਵਿਚੋਂ ਹੀ ਮੁੜ ਕੇ ਕੈਹ ਦਿਤਾ ਕਿ ਉਹ ਆਉਣ ਤੋਂ ਇਨਕਾਰੀ ਹੈ,ਮਹਾਰਾਜਾ ਨੇ ਫਿਰ ਆਦਮੀ ਭੇਜੇ, ਇਹ ਭੀ ਡੋਗਰੇ ਸਨ,ਧਿਆਨ ਸਿੰਘ ਦੇ ਕਹੇ ਤੇ ਇਨ੍ਹਾਂ ਨੇ ਭੀ ਰਸਤੇ ਵਿਚੋਂ ਹੀ ਮੁੜਕੇ ਕੈਹ ਦਿਤਾ ਕਿ ਓਹ ਨਹੀਂ ਆਉਂਦਾ, ਮਹਾਰਾਜਾ ਨੇ ਉਸ ਦੇ ਫੜਨ ਲਈ ਫੌਜ ਭੇਜੀ, ਜਵਾਲਾ ਸਿੰਘ ਆਉਂਦਾ ਹੀ ਮਹਾਰਾਜੇ ਦੇ ਪੈਰਾਂ ਤੇ ਡਿਗ ਪਿਆ,ਕਿੰਤੂ ਧਿਆਨ ਸਿੰਘ ਨੇ ਮਹਾਰਾਜੇ ਨੂੰ ਕੁਝ ਅਜਿਹਾ ਚਿੜ ਚੜ੍ਹਾ ਦਿਤੀ ਸੀ ਕਿ ਓਸਨੇ ਨਾਂ ਮੰਨਿਆ। ਜਵਾਲਾ ਸਿੰਘ ਨੂੰ ਅੱਧ ਸੇਰ ਆਟਾ ਤੇ ਅੱਧ ਸੇਰ ਲੂਣ ਖਾਣ ਦਾ ਹੁਕਮ ਦਿਤਾ ਗਿਆ, ਫਿਰ ਸ਼ੇਖੂ ਪੁਰੇ ਦੇ ਕਿਲੇ ਵਿਚ ਰਖਯਾ,ਜਿਥੇ ਓਹ ਦਸਵੇਂ ਦਿਨ ਮਰ ਗਿਆ।

ਇਸ ਸਮੇਂ ਵਿਚ ਲਾਰਡ ਏਲਨਬਰਾ ਗਵਰਨਰ ਜਨਰਲ ਹਿੰਦ ਹੋਕੇ ਫੀਰੋਜ਼ ਪੁਰ ਆਏ, ਜਿਥੇ ਮਹਾਰਾਜਾ ਸ਼ੇਰ ਸਿੰਘ ਦਾ ਲੜਕਾ ਪ੍ਰਤਾਪ ਸਿੰਘ ਮੁਲਾਕਾਤ ਲਈ ਗਿਆ, ਗਵਰਨਰ ਜਨਰਲ ਸਿੱਖ ਫੌਜ ਵੇਖਕੇ ਬੜੇ ਹੀ ਪ੍ਰਸੰਨ ਹੋਏ। ਇਨ੍ਹੀਂ ਹੀ ਦਿਨੀਂ ਕਾਬਲ ਵਾਲਿਆਂ ਸ਼ਾਹ ਸ਼ੁਜਾ ਨੂੰ ਕਤਲ ਕਰਕੇ ਬਹੁਤ ਸਾਰੇ ਅੰਗ੍ਰੇਜ਼ ਤੇ ਮੇਮਾਂ ਨੂੰ ਕੈਦ ਕਰ ਲਿਆ ਸੀ, ਮਹਾਰਾਜਾ ਸ਼ੇਰ ਸਿੰਘ ਨੇ ਆਪਣੇ ਮੁਲਕ ਵਿਚ ਦੀ ਅੰਗ੍ਰੇਜ਼ਾਂ ਨੂੰ ਕਾਬਲ ਜਾਣਦਾ ਰਾਹ ਦਿਤਾ, ਫੌਜ ਦੀ ਮਦਤ ਦਿਤੀ ਤੇ ਆਪਣੀ ਜ਼ਮਾਨਤ ਉੱਤੇ ਅੰਗ੍ਰੇਜ਼ਾਂ ਤੇ ਮੇਮਾਂ ਨੂੰ ਛੁਡਵਾ ਦਿੱਤਾ।

ਅਜੇ ਥੋੜਾ ਹੀ ਚਿਰ ਮਹ ਰਾਜਾ ਸ਼ੇਰ ਸਿੰਘ ਨੂੰ ਹਕੂਮਤ ਕਰਦਿਆਂ ਹੋਇਆ ਸੀ, ਕਿ ਇਨ੍ਹਾਂ ਦੀ ਤੇ ਧਯਾਨ ਸਿੰਘ ਦੀ ਆਪਸ ਵਿਚ ਵਿਗੜ ਗਈ, ਧਯਾਨ ਸਿੰਘ ਨੇ ਜੋ ਬੜਾ ਹੀ ਚਲਤਾ ਪੁਰਜ਼ਾ ਸੀ, ਹੁਣ ਮਹਾਰਾਜਾ ਸ਼ੇਰ ਸਿੰਘ ਦੇ ਵਿਰੁਧ ਗੋਂਦਾਂ ਗੁੰਦਣੀਆਂ ਸ਼ੁਰੂ ਕੀਤੀਆਂ। ਦਰਬਾਰ ਵਿਚ ਸੰਧਾ ਵਾਲੀਏ ਸਰਦਾਰਾਂ ਦਾ ਜ਼ੋਰ ਜ਼ਿਅ ਦਾ ਸੀ।

ਧਿਆਨ ਸਿੰਘ ਨੇ ਮਹਾਰਾਜਾ ਨੂੰ ਇਨ੍ਹਾਂ ਦੇ ਵਿਰੁਧ ਕਰਨ ਦਾ ਬਥੇਰਾ ਯਤਨ ਕੀਤਾ, ਪਰ ਜਦ ਇਸ ਦੇ ਕੈਹਣ ਤੇ ਮਹਾਰਾਜੇ ਸੰਧਾਵਾਲੀਆਂ ਨਾਲ ਨਾ ਵਿਗਾੜੀ, ਤਦ ਧਿਆਨ ਸਿੰਘ ਸੰਧਾਵਾਲੀਆਂ ਨੂੰ ਜਾ ਮਿਲਯਾ, ਤੇ ਕਿਹਾ ਮਹਾਰਾਜੇ ਤੁਹਾਨੂੰ ਕਤਲ ਕਰਨ ਲਈ ਮੰਗਾਇਆ ਹੈ, ਬਾਹਰੋਂ ਤੁਹਾਡੇ ਨਾਲ ਭਾਵੇਂ ਕਿੰਨਾਂ ਪਿਆਰ ਕਰਦਾ ਹੈ, ਪਰ ਦਿਲ ਵਿਚ ਖੋਟ ਰੱਖਦਾ ਹੈ, ਏਹ ਗੱਲ ਸੱਚੀ ਜਾਣ ਸੰਧਾਵਾਲੀਏ ਜਦ ਇਸ ਦੇ ਢੱਬ ਵਿਚ ਆ ਗਏ, ਤਦ ਧਿਆਨ ਸਿੰਘ ਨੇ ਸੰਧਾਵਾਲੀਆਂ ਨੂੰ ਬਚਨ ਦਿਤਾ ਕਿ ਜੇ ਕਦੀ ਮਹਾਰਾਜਾ ਸ਼ੇਰ ਸਿੰਘ ਨੂੰ

ਕਤਲ ਕਰ ਦੇਵੇ ਤਦ ਤੁਹਾਨੂੰ ਇਨਾਮ ਦੇਵਾਂਗਾ, ਇਕ ਦਿਨ ਮਹਾਰਾਜਾ ਸ਼ੇਰ ਸਿੰਘ ਪਾਸ ਸ: ਲੈਹਣਾ ਸਿੰਘ ਤੇ ਅਜੀਤ ਸਿੰਘ ਆਏ ਤੇ ਉਹਨਾਂ ਨੇ ਮਹਾਰਾਜਾ ਨੂੰ ਕਿਹਾ ਕਿ ਇਸ ਇਸ ਤਰਾਂ ਨਾਲ ਧਿਆਨ ਸਿੰਘ ਨੇ ਇਨਾਂ ਨੂੰ ਆਪ ਦੇ ਮਾਰਨ ਲਈ ਕਿਹਾ ਤੇ ਇਨਾਮ ਦੇਣਾ ਕੀਤਾ ਹੈ, ਇਹ ਗੱਲ ਸੁਣਕੇ ਮਹਾਰਾਜਾ ਸ਼ੇਰ ਸਿੰਘ ਜ਼ਰਾ ਨਹੀਂ ਡੋਲਿਆ, ਉਸਨੇ ਆਪਣੀ ਮਿਆਨ ਵਿਚੋਂ ਤਲਵਾਰ ਕੱਢਕੇ ਸ: ਲੈਹਣਾ ਸਿੰਘ ਤੇ ਅਜੀਤ ਸਿੰਘ ਦੇ ਸਾਹਮਣੇ ਰੱਖ ਦਿਤੀ ਤੇ ਕਿਹਾ "ਜੇ ਕਦੀ ਤੁਸੀ ਮੈਨੂੰ ਮਾਰਨ ਲਈ ਆਏ ਹੋ ਤਦ ਇਹ ਤਲਵਾਰ ਰੱਖੀ ਹੈ, ਇਸਦੇ ਨਾਲ ਤੁਸੀ ਖੁਸ਼ੀ ਖੁਸ਼ੀ ਮੈਨੂੰ ਮਾਰ ਦੇਵੋਂ, ਕਿੰਤੂ ਯਾਦ ਰੱਖਣਾ ਕਿ ਧਿਆਨ ਸਿੰਘ ਇਕ ਦਿਨ ਤੁਹਾਨੂੰ ਵੀ ਇਸੇ ਤਰਾਂ ਕਤਲ ਕਰ ਦੇਵੇਗਾ।"

ਮਹਾਰਾਜਾ ਸ਼ੇਰ ਸਿੰਘ ਦੀਆਂ ਇਹ ਗਲਾਂ ਸੁਣਕੇ ਸੰਧਾਵਾਲੀਆਂ ਨੇ ਇਨਾਂ ਨੂੰ ਆਪਣੇ ਨਿਰਛਲ ਤੇ ਵਫਾਦਾਰ ਹੋਣ ਦਾ ਯਕੀਨ ਦਵਾਇਆ ਤੇ ਵਜ਼ੀਰ ਧਿਆਨ ਸਿੰਘ ਦੇ ਮਾਰਨ ਦਾ ਪ੍ਰਵਾਨਾ ਲਿਖਾ ਲਿਆ, ਪ੍ਰਵਾਨਾ ਲੈਕੇ ਧਿਆਨ ਸਿੰਘ ਵਲ ਟੁਰ ਪਏ, ਧਿਆਨ ਸਿੰਘ ਨੂੰ ਮਿਲਕੇ ਇਸਤਰਾਂ ਉਸ ਨਾਲ ਗੱਲਾਂ ਕੀਤੀਆਂ ਕਿ ਮਹਾਰਾਜ ਤੇਰੇ ਮਾਰਨ ਦੇ ਉਪਰਾਲੇ ਵਿਚ ਹਨ ਤੇ ਔਹ ਵੇਖ ਉਨਾਂ ਸਾਨੂੰ ਹੁਕਮ ਲਿਖ ਦਿਤਾ ਹੈ। ਇਸ ਨੂੰ ਦਮ ਦਲਾਸਾ ਦੇਕੇ ਇਸ ਤੋਂ ਮਹਾਰਾਜੇ ਦੇ ਕਤਲ ਦੀ ਚਿਠੀ ਲਖਵਾ ਲਈ, ਇਸ ਕੰਮ ਨੂੰ ਕਰਨ ਲਈ ਸ਼ੁੱਕਰਵਾਰ ਦਾ ਦਿਨ ਨੀਯਤ ਕੀਤਾ, ਮਹਾਰਾਜਾ ਆਪਣੇ ਦਿਲ ਵਿਚ ਵਜ਼ੀਰ ਦੀ ਮੌਤ ਤੇ ਵਜ਼ੀਰ ਮਹਾਰਾਜੇ ਦੀ ਮੌਤ ਦੇ ਖਿਆਲੀ ਪਲਾਉ ਪਕਾ ਰਹੇ ਸੀ, ਕਿੰਤੂ ਸੰਧਾਵਾਲੀਏ ਇਨ੍ਹਾਂ ਦੋਹਾਂ ਨੂੰ

ਇਕ ਦਿਨ ਹੀ ਪਾਰ ਬੁਲਾਣ ਦੀ ਗੋਂਦ ਵਿਚ ਮਨ।

ਕੁਝ ਚਿਰ ਦੀ ਜੋੜ ਤੋੜ ਮਗਰੋਂ ੧੩ਦਸੰਬਰ ੧੮੪੩ ਨੂੰ ਸੰਧਾਵਾਲੀਏ ਪੰਜ ਛੀ ਹਜ਼ਾਰ ਘੋੜਿਆਂ ਤੇ ਚੜ੍ਹੇ ਲਾਹੌਰ ਅਪੜੇ, ਮਹਾਰਾਜਾ ਸ਼ੇਰ ਸਿੰਘ ਉਸ ਵੇਲੇ ਬਾਗ਼ ਦੀ ਸੈਰ ਕਰ ਰਹੇ ਸੀ, ਅਜੀਤ ਸਿੰਘ ਨੇ ਅਗੇ ਵਧ ਮਹਾਰਾਜਾ ਨੂੰ ਬੰਦੂਕ ਦੱਸ ਕਿਹਾ:-

"ਵੇਖੀਏ ਮਹਾਰਾਜ! ਮੈਂ ੧੪੦੦) ਰੁਪਯੇ ਤੋਂ ਕਿੰਨੀ ਅੱਛੀ ਤੇ ਸਸਤੀ ਦੋ ਨਾਲੀ (ਅੰਗ੍ਰੇਜ਼ੀ ਰਾਈਫਲ) ਲਈ ਹੈ, ਜੇ ਕਦੀ ਕੋਈ ਇਸਦਾ ਤਿੰਨ ਹਜ਼ਾਰ ਦੇਵੇ ਤਦ ਵੀ ਮੈਂ ਨਹੀਂ ਵੇਚਾਂਗਾ" ਮਹਾਰਾਜ ਨੇ ਬੰਦੂਕ ਲੈਣ ਲਈ ਹੱਥ ਵਧਾਇਆ, ਅਜੀਤ ਸਿੰਘ ਨੇ ਉਨਾਂਦੀ ਛਾਤੀ ਤੇ ਬੰਦੂਕ ਮਾਰ ਦਿਤੀ। ਬੰਦੂਕ ਦੇ ਲਗਦੇ ਹੀ ਮਹਾਰਾਜਾ ਸ਼ੇਰ ਸਿੰਘ ਦੇ ਮੂੰਹ ਵਿਚੋਂ 'ਦਗ਼ਾ, ਦਗ਼ਾ' ਦੇ ਲਫਜ਼ ਨਿਕਲੇ ਤੇ ਬੇਹੋਸ਼ ਹੋਕੇ ਡਿਗ ਪਏ, ਸੰਧਾਵਾਲੀਆਂ ਉਨਾਂਦੇ ਟੁਕੜੇ ਟੁਕੜੇ ਕਰ ਦਿਤੇ।

ਕੁਝ ਇਤਹਾਸਕਾਰਾਂ ਦਾ ਕਥਨ ਹੈ ਕਿ ਮਹਾਰਾਜ ਦੇ ਮੰਗਣ ਤੇ ਅਜੀਤ ਸਿੰਘ ਨੇ ਬੰਦੂਕ ਦੇ ਦਿਤੀ ਤੇ ਕਿਹਾ ਕਿ ਬੰਦੂਕ ਭਰੀ ਹੋਈ ਹੈ, ਮਹਾਰਾਜ ਨੇ ਪਾਸ ਖਲੋਤੇ ਅਜੀਤ ਸਿੰਘ ਦੇ ਨੌਕਰ ਨੂੰ ਕਿਹਾ ਕਿ ਬੰਦੂਕ ਚਲਾਕੇ ਵਿਖਾਓ, ਨੌਕਰ ਨੇ ਅਜੀਤ ਸਿੰਘ ਦੇ ਇਸ਼ਾਰਾ ਕਰਨ ਤੇ ਝਟ ਬੰਦੂਕ ਹਥ ਵਿਚ ਲੈਕੇ ਉਸਦਾ ਮੂੰਹ ਮਹਾਰਾਜਾ ਵੱਲ ਫੇਰਕੇ ਬੰਦੂਕ ਚਲਾ ਦਿੱਤੀ, ਮਹਾਰਾਜ ਮੂਰਛਤ ਹੋ ਧਰਤੀ ਤੇ ਡਿੱਗ ਪਏ, ਫਿਰ ਸੰਧਾਂ ਵਾਲੀਆਂ ਸਿਰ ਵੱਢ ਲਿਆ।

ਮਹਾਰਾਜ ਸ਼ੇਰ ਸਿੰਘ ਦੀ ਹੱਤਯਾ ਕਰਕੇ ਸੰਧਾ ਵਾਲੀਏ ਚੁਪ ਨਹੀਂ ਰਹੇ, ਮਹਾਰਾਜ ਦੇ ਪੁਤ੍ਰ ਪ੍ਰਤਾਪ ਸਿੰਘ ਨੂੰ ਜਿਸਦੀ

ਆਯੂ ਅਜੇ ਮੁਸ਼ਕਲ ਨਾਲ ੧੩–੧੪ ਸਾਲ ਦੀ ਹੋਵੇਗੀ, ਠੀਕ ਉਸ ਵੇਲੇ ਜਦ ਕਿ ਇੱਧਰ ਅਜੀਤ ਸਿੰਘ ਨੇ ਮਹਾਰਾਜੇ ਨੂੰ ਗੋਲੀ ਨਾਲ ਮਾਰ ਦਿਤਾ, ਲੈਹਣਾ ਸਿੰਘ ਨੇ ਇਸ ਬਾਲ ਨੂੰ ਜਾ ਘੇਰਿਆ, ਮਿਆਨ ਵਿਚੋਂ ਤਲਵਾਰ ਧੂਹ ਕੇ ਉਸ ਤੇ ਚਕੀ, ਮਾਸੂਮ ਬਾਲ ਨੇ ਦੋਨੋਂ ਹੱਥ ਜੋੜ ਆਪਣੀ ਜਾਨ ਦੀ ਪਨਾਹ ਮੰਗੀ। ਲੈਹਣਾ ਸਿੰਘ ਦੇ ਸਿਰ ਤੇ ਖੂਨ ਸਵਾਰ ਸੀ, ਤਲਵਾਰ ਦੇ ਇਕ ਹੀ ਵਾਰ ਨਾਲ ਬਾਲਕ ਦੇ ਦੋ ਟੁਕੜੇ ਕਰ ਦਿੱਤੇ, ਸ਼ੇਰ ਸਿੰਘ ਤੇ ਉਸਦੇ ਪੁੱਤਰ ਦਾ ਇਸ ਤਰਾਂ ਖੂਨ ਕਰਕੇ ਸੰਧਾ ਵਾਲੀਏ ਧਿਆਨ ਸਿੰਘ ਵਜ਼ੀਰ ਪਾਸ ਅਪੱੜੇ ਤੇ ਸਾਰੀ ਵਿਥਯਾ ਕੈਹ ਸੁਣਾਈ, ਧਿਆਨ ਸਿੰਘ ਇਨਾਂ ਦੇ ਨਾਲ ਕਿਲੇ ਵੱਲ ਟੁਰ ਪਿਆ ਕਿਸੇ ਸੰਧਾਂ ਵਾਲੀਆਂ ਤੋਂ ਪੁਛਿਆ ਕਿ ਸੁਣਾਓ ਹੁਣ ਰਾਜਾ ਕੌਣ ਹੈ? ਧਿਆਨ ਸਿੰਘ ਨੇ ਕਿਹਾ "ਸਿਵਾਏ ਦਲੀਪ ਸਿੰਘ ਦੇ ਹੋਰ ਕੌਣ ਰਾਜਾ ਹੋ ਸਕਦਾ ਹੈ?" ਇਹ ਸੁਣਦੇ ਹੀ ਸੰਧਾਂ ਵਾਲੀਆਂ ਨੇ ਕਿਹਾ ਕਿ ਵਾਹ! ਕਹੀ ਚੰਗੀ ਗੱਲ ਹੈ! ਮੇਹਨਤ ਅਸੀ ਕਰੀਏ ਤੇ ਰਾਜਾ ਦਲੀਪ ਸਿੰਘ ਬਣੇ! ਤੇ ਆਪ ਮੰਤਰੀ ਹੋਵੇ! ਇੱਕ ਨੇ ਪਿਛੋਂ ਧਿਆਨ ਸਿੰਘ ਨੂੰ ਗੋਲੀ ਮਾਰ ਦਿਤੀ, ਇਸ ਤਰਾਂ ਨਾਲ ਆਪਸ ਵਿਚ ਇਕ ਦੂਜੇ ਤੇ ਬੇ ਇਤਬਾਰੀ ਤੇ ਇਕ ਦੂਜੇ ਦੀ ਜਾਨ ਲੈਣ ਦੀਆਂ ਗੋਂਦਾ ਗੁੰਦਣ ਦੇ ਕਾਰਨ ਮਹਾਰਾਜ ਸ਼ੇਰ ਸਿਘ, ਉਹਨਾਂ ਦਾ ਪੁਤਰ ਤੇ ਧਿਆਨ ਸਿੰਘ ਇੱਕੋ ਦਿਨ ਕਤਲ ਹੋ ਗਏ।

ਉਹ ਧਿਆਨ ਸਿੰਘ ਜਿਸ ਨੇ ਆਪਣੀ ਪ੍ਰਭੁਤਾ ਕਾਇਮ ਰਖਣ ਲਈ ਸਿਖ ਸੈਨਾਂ ਨੂੰ ਟਪਲਾ ਦੇਕੇ ਖੜਗ ਸਿੰਘ ਦੇ ਵਿਰੁਧ ਭੜਕਾਇਆ, ਮਨੋਰਥ ਸਿਧੀ ਲਈ ਕੇਵਲ ਨੌਨੇਹਾਲ ਸਿੰਘ ਤੇ ਚੰਦਕੌਰ ਨੂੰ ਪਿਤਾ ਤੇ ਪਤੀ ਦਾ ਵਿਰੋਧੀ

ਬਣਾਇਆ, ਸੁਚੇਤ ਸਿੰਘ ਤੇ ਉਸਦੇ ਸਾਥੀਆਂ ਦੇ ਖ਼ੂਨ ਨਾਲ ਹਥ ਰੰਗੇ, ਕੰਵਰ ਨੌ ਨਿਹਾਲ ਸਿੰਘ ਦੀ ਜਾਨ ਲਈ, ਚੰਦ ਕੌਰ ਤੇ ਉਸਦੀ ਨੂੰਹ ਨੂੰ ਨਿਰਦਯਤਾ ਨਾਲ ਮਰਵਾਇਆ, ਜਵਾਲਾ ਸਿੰਘ ਨੂੰ ਨਸ਼ਟ ਕਰਵਾਇਆ, ਅੱਜ ਤਲਵਾਰ ਦੇ ਨਾਲ ਟੁਕੜੇ ਟੁਕੜੇ ਹੋਇਆ ਮੈਦਾਨ ਵਿਚ ਪਿਆ ਹੈ ! ਉਹ ਝੂਠੀ ਪ੍ਰਭਤਾ ਕਿਥੇ ਹੈ, ਜਿਸਦੇ ਲਈ ਇੰਨੇ ਕੁਝ ਉਪੱਦਰਵ ਕੀਤੇ !!!

ਸੰਧਾ ਵਾਲੀਏ ਧਿਆਨ ਸਿੰਘ ਨੂੰ ਮਾਰਕੇ ਹੀ ਪ੍ਰਸੰਨ ਨਹੀਂ ਹੋਏ, ਓਹ ਸ਼ੇਰ ਸਿੰਘ ਦੇ ਲੜਕੇ ਦੀ ਹੱਤਯਾ ਕਰਨ ਵਾਂਗ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਤੇ ਧਿਆਨ ਸਿੰਘ ਦੇ ਭਰਾ ਸੁਚੇਤ ਸਿੰਘ ਦੀ ਵੀ ਜਾਨ ਲੈਣ ਨੂੰ ਫਿਰਦੇ ਸਨ, ਕਿੰਤੂ ਹੀਰਾ ਸਿੰਘ ਤੇ ਸੁਚੇਤ ਸਿੰਘ ਇਸ ਘਟਨਾਂ ਦੇ ਅਸਥਾਨ ਤੇ ਨਹੀਂ ਸਨ, ਜਿਸ ਤੋਂ ਇਨ੍ਹਾਂ ਦੀ ਜਾਨ ਬਚ ਗਈ। ਹੀਰਾ ਸਿੰਘ ਪਿਤਾ ਦੇ ਚਲਾਣੇ ਦੀ ਖਬਰ ਸੁਣ ਬੇਹਬਲ ਹੋ ਉਠਿਆ ਤੇ ਉਸਨੇ ਪ੍ਰਣ ਕੀਤਾ ਕਿ ਜਦ ਤਕ ਆਪਣੇ ਪਿਤਾ ਦਾ ਬਦਲਾ ਨਾ ਲੈ ਲਵਾਂ ਤਦ ਤਕ ਆਰਾਮ ਨਹੀਂ ਕਰਾਂਗਾ। ਹੀਰਾ ਸਿੰਘ ਨੂੰ ਆਪਣੀ ਇਸ ਪ੍ਰਤੱਗਜ਼ਾ ਦੇ ਪੂਰਾ ਕਰਨ ਵਿਚ ਦੇਰ ਨਹੀਂ ਲਗੀ, ਇਕ ਤਾਂ ਉਂਜ ਹੀ ਧਿਆਨ ਸਿੰਘ ਨੇ ਚਲਤਾ ਪੁਰਜ਼ਾ ਹੋਣ ਦੇ ਕਾਰਨ ਵਾਹ ਲਗਦੇ ਫੌਜ ਨਾਲ ਵਿਗਾੜੀ ਹੋਈ ਨਹੀਂ ਸੀ, ਦੂਜੇ ਹੀਰਾ ਸਿੰਘ ਨੇ ਸਿਖ ਸੈਨਾਂ ਨੂੰ ਇਕੱਠਾ ਕਰ ਡਾਡਾਂ ਮਾਰਕੇ ਰੋਕੇ ਕਿਹਾ ਕਿ "ਐ ਪੰਜਾਬ ਦੀ ਇੱਜ਼ਤ ਤੇ ਸੂਰਮਤਾ ਦੇ ਪੁਤਲੇ ਜਵਾਨੋਂ ! ਅੱਜ ਸੰਧਾ ਵਾਲਿਆਂ ਸਰਦਾਰਾਂ ਨੇ ਜਿਸ ਕਪਟ ਦੀ ਚਾਲ ਨਾਲ ਆਪਦੇ ਮਹਾਰਾਜ ਸ਼ੇਰ ਸਿੰਘ, ਉਨ੍ਹਾਂ ਦੇ ਲੜਕੇ ਪ੍ਰਤਾਪ ਸਿੰਘ ਤੇ ਮੇਰੇ ਪਿਤਾ ਰਾਜਾ ਧਿਆਨ ਸਿੰਘ ਨੂੰ ਬੇਦਰਦੀ ਨਾਲ

ਕਤਲ ਕੀਤਾ ਹੈ, ਆਪ ਨੇ ਸੁਣ ਲਿਆ ਹੋਵੇਗਾ, ਕੀ ਇਹ ਵਾਜਬ ਹੈ ਕਿ ਆਪ ਦੀ ਮੌਜੂਦਗੀ ਵਿਚ ਅਜਿਹੇ ਉਪੱਦ੍ਰਵ ਹੋਣ ਤੇ ਆਪ ਚੁਪ ਹੋਕੇ ਵੇਖਦੇ ਰਹੋ ?

"ਆਪ ਨੂੰ ਮਲੂਮ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਸੰਧਾ ਵਾਲੀਏ ਹੱਤਜਾਰਿਆਂ ਨੇ ਜਦ ਏਹ ਹਿੰਦੋਸਤਾਨ ਵਲ ਗਏ ਸੀ, ਤਦ ਅੰਗ੍ਰੇਜ਼ਾਂ ਨਾਲ ਸਮਝੌਤਾ ਕਰ ਲਿਆ ਸੀ, ਹੁਣ ਇਨ੍ਹਾਂ ਨੇ ਮਹਾਰਾਜਾ, ਉਸਦੇ ਲੜਕੇ ਤੇ ਵਜ਼ੀਰ ਨੂੰ ਮਾਰ ਕੇ ਫੀਰੋਜ਼ਪੁਰ ਅੰਬਾਲੇ ਤੇ ਲੁਧਿਆਨੇ ਆਦਿਕ ਜਗਾ ਦੇ ਅੰਗ੍ਰੇਜ਼ਾਂ ਨੂੰ ਚਿੱਠੀਆਂ ਲਿਖ ਦਿੱਤੀਆਂ ਹਨ, ਇਕ ਦੋ ਦਿਨਾਂ ਦੇ ਅੰਦਰ ਹੀ ੫੦–੬੦ ਹਜ਼ਾਰ ਅੰਗ੍ਰੇਜ਼ੀ ਫੌਜ ਆ ਜਾਏਗੀ ਤੇ ਪੰਜਾਬ ਤੇ ਕਬਜ਼ਾ ਕਰ ਲਏਗੀ। ਤੁਹਾਡਾ ਮੁਲਕ ਤੇ ਤੁਹਾਡਾ ਧਰਮ ਖ਼ਤਰੇ ਵਿਚ ਹੈ, ਜੇ ਇਸ ਵੇਲੇ ਹਿੰਮਤ ਕਰੋ ਤਦ ਤੁਹਾਡੀ ਤਨਖਾਹ ਵਧਾ ਦਿੱਤੀ ਜਾਵੇਗੀ, ਪਿਛਲੀਆਂ ਬਾਕੀਆਂ ਭੀ ਦਿਤੀਆਂ ਜਾਣਗੀਆਂ।"

ਅਣਭੋਲ ਕਿੰਤੂ ਬੇ ਮੁਹਾਰੀ ਸੈਨਾਂ ਨੂੰ ਮੁਲਕ ਤੇ ਮਜ਼ਹਬ ਦੇ ਖਤਰੇ ਅਤੇ ਤਨਖਾਹ ਦੀ ਤ੍ਰੱਕੀ ਦੇ ਵਾਧੇ ਦੇ ਸ਼ੀਸ਼ੇ ਵਿਚ ਉਤਾਰ ਲਿਆ, ੪੦–੪੫ ਹਜ਼ਾਰ ਫੌਜ ਲੈਕੇ ਕਿਲੇ ਨੂੰ ਜਾ ਘੇਰਿਆ। ਕਿਲੇ ਤੋਂ ਫਿਰ ਤੋਪਾਂ ਦਗਣੀਆਂ ਸ਼ੁਰੂ ਹੋ ਗਈਆਂ, ਲੈਹਣਾ ਸਿੰਘ ਤੇ ਅਜੀਤ ਸਿੰਘ ਦੋਨੋਂ ਮਾਰੇ ਗਏ, ਇਨ੍ਹਾਂ ਦੇ ਟੁਕੜੇ ਕਰਾਕੇ ਹੀਰਾ ਸਿੰਘ ਨੇ ਰਸਤੇ ਵਿਚ ਸੁਟਾ ਦਿਤੇ, ਹੀਰਾ ਸਿੰਘ ਦੀ ਪ੍ਰਤੱਗਯਾ ਪੂਰਨ ਹੋਈ।

ਉਹ ਖਾਲਸਾ ਸੈਨਾਂ ਜੋ ਕਦੇ:–

ਸੂਰਾ ਸੋ ਪਹਚਾਨੀਏ ਲੜੇ ਦੀਨ ਕੇ ਹੇਤ।
ਪੁਰਜੈ ਪੁਰਜੈ ਕਟ ਮਰੈ ਕਬਹੁ ਨ ਛਾਡੈ ਖੇਤ।

ਦੇ ਵਾਕ ਨੂੰ ਆਦਰਸ਼ ਬਣਾਕੇ ਰਣ ਵਿਚ ਉਤਰ, ਜ਼ਾਲਮਾਂ, ਅਨੀਤੀ ਕਰਨ ਵਾਲਿਆਂ ਤੇ ਅਧਰਮੀਆਂ ਦੀਆਂ ਗਰਦਨਾਂ ਤਲਵਾਰ ਨਾਲ ਅੱਡ ਕਰਦੀ ਸੀ, ਅੱਜ ਡੋਗਰਿਆਂ ਦੇ ਹਥ ਚੜ੍ਹ ਭਰਾਵਾਂ ਦੇ ਖ਼ੂਨ ਦੀ ਪਿਆਸੀ ਹੋ ਰਹੀ ਹੈ ਤੇ ਇਕ ਦੂਜੇ ਦਾ ਖ਼ੂਨ ਵੀਟ ਰਹੀ ਹੈ । ਇਬਰਤ!!!

## ੫.

ਡਰੀਂ ਰੱਬ ਦੇ ਕੈਹਰੋਂ ਬੰਦੇ,
ਅੱਤਿ ਨ ਉਸ ਨੂੰ ਭਾਵੇ ।
ਪਰਵਾਨਾ ਸਾੜਨ ਤੋਂ ਪਹਿਲਾਂ,
ਸ਼ਮਾਂ ਆਪ ਸੜ ਜਾਵੇ ।

੧੬ ਦਸੰਬਰ ੧੮੪੩ ਨੂੰ ਮਹਾਰਾਜਾ ਰਣਜੀਤ ਸਿੰਘ ਦਾ ੫ ਸਾਲ ਦਾ ਲੜਕਾ ਦਲੀਪ ਸਿੰਘ ਗੱਦੀ ਤੇ ਬਠਾਇਆ ਗਿਆ, ਰਾਣੀ ਜਿੰਦਾਂ ਉਸਦੀ ਸਰਪ੍ਰਸਤ ਨੀਯਤ ਹੋਈ, ਵਜ਼ੀਰ ਹੀਰਾ ਸਿੰਘ (ਧਿਆਨ ਸਿੰਘ ਦਾ ਲੜਕਾ) ਹੋਇਆ, ਇਸ ਤਰਾਂ ਨਾਲ ਫਿਰ ਇੱਕ ਵੇਰ ਲਾਹੌਰ ਦਾ ਰਾਜ ਦਰਬਾਰ ਬਦਲਿਆਂ, ਕਿੰਤੂ ਸੁਆਰਥੀ, ਦੇਸ਼ ਦ੍ਰੋਹੀ, ਤੇ ਕੌਮ ਘਾਤਕ ਡੋਗਰਿਆਂ ਦੇ ਮਨੋਂ ਭਾਵ ਨਹੀਂ ਬਦਲੇ, ਉਹਨਾਂ ਦੇ ਈਰਖਾਦਗਧ ਹਿਰਦਿਆਂ ਵਿਚ ਦਵੈਸ਼ ਦੀ ਅਗਨੀ ਜਿਉਂ ਦੀ ਤਿਉਂ ਲਟ ਲਟ ਬਲ ਰਹੀ ਸੀ, ਜਿਸ ਤੋਂ ਸਿੰਘਾਸਨ ਤੇ ਨਵਾਂ ਮਹਾਰਾਜਾ ਤੇ ਵਜ਼ਾਰਤ ਦੇ ਨਵੇਂ ਹਥਾਂ ਵਿਚ ਆਉਣ ਤੇ ਵੀ ਖਾਨਾ ਜੰਗੀ ਬੰਦ ਨਹੀਂ ਹੋਈ, ਆਪਣਿਆਂ ਦਾ ਖ਼ੂਨ ਕਰਨ ਵਾਲੀ ਤਲਵਾਰ ਮਿਆਨ ਵਿਚ ਨਹੀਂ ਗਈ, ਤੇ ਨਾਂ ਹੀ

ਆਪਣੇ ਸਵਾਰਥ ਲਈ ਦੂਜਿਆਂ ਨੂੰ ਤਬਾਹ ਕਰਨ ਦੀ ਪਾਲਸੀ ਵਿਚ ਫਰਕ ਪਿਆ। ਹੀਰਾ ਸਿੰਘ ਨੇ ਵਜ਼ੀਰ ਬਣ-ਦਿਆਂ ਹੀ ਫੌਜ ਨੂੰ ਹੱਥ ਵਿਚ ਕਰਨ ਲਈ ਤਨਖਾਹ ਵਧਾ ਦਿੱਤੀ,ਜੱਲ੍ਹਾ ਪੰਡਤ ਹੀਰਾ ਸਿੰਘ ਦਾ ਪ੍ਰਧਾਨ ਕਰਮਚਾਰੀ ਸੀ, ਇਹ ਇੰਨਾਂ ਬਦ ਜ਼ਬਾਨ ਤੇ ਅੱਤਜਾਚਾਰੀ ਸੀ, ਕਿ ਇਸਦੇ ਹਥੋਂ ਹਰ ਨਿਕਾ ਵਡਾ ਆਪਣੇ ਆਪ ਨੂੰ ਖਤਰੇ ਵਿਚ ਵੇਖਣ ਲਗਾ, ਹਰ ਤਰਾਂ ਦੇ ਕਾਲੇ ਚਿਟੇ ਦਾ ਮਾਲਕ ਇਹ ਸੀ, ਜੋ ਕਰੇ, ਜੋ ਧਰੇ,ਇਸ ਨੂੰ ਕਿਸੇ ਵਲੋਂ ਪੁਛ ਪ੍ਰਤੀਤ ਨਹੀਂ ਸੀ। ਹੀਰਾ ਸਿੰਘ ਤੇ ਉਸਦੇ ਸਾਥੀ ਜੱਲੇ ਦੇ ਹਥੋਂ (ਬਿਗਾਨਿਆਂ ਦੀ ਤਾਂ ਕੀ ਗੱਲ ਕਰਨੀ ਹੈ) ਖ਼ੁਦ ਹੀਰਾ ਸਿੰਘ ਦੇ ਚਾਚੇ ਸੁਚੇਤ ਸਿੰਘ ਦੀ ਜਾਨ ਤੌਖਲੇ ਵਿਚ ਪੈ ਗਈ। ਫੌਜ ਨਾਲ ਲੈਕੇ ਸੁਚੇਤ ਸਿੰਘ ਲੜਨ ਲਈ ਤਯਾਰ ਹੋਗਿਆ। ਇਨ੍ਹਾਂ ਨੇ ਸੁਚੇਤ ਸਿੰਘ ਨੂੰ ਮਰਵਾ ਦਿਤਾ, ਤੇ ਗੁਲਾਬ ਸਿੰਘ ਉੱਤੇ ਖਰਾਜ ਦੀ ਵਸੂਲੀ ਦੇ ਬਹਾਨੇ ਚੜ੍ਹਾਈ ਕਰ ਦਿਤੀ।

ਹੀਰਾ ਸਿੰਘ ਆਪਣੇ ਪਿਤਾ ਵਾਂਗ ਬੜਾ ਚਲਾਕ ਸੀ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਲੈਕੇ ਹੁਣ ਤਕ ਆਪਣੇ ਚਾਚੇ, ਤਾਏ ਤੇ ਪਿਤਾ ਵਲੋਂ ਖਾਲਸਾ ਸਲਤਨਤ ਨੂੰ ਆਪਣੇ ਸਵਾਰਥ ਲਈ ਮਿਟਾਣਾਂ, ਇਕ ਦੂਜੇ ਦੇ ਵਿਰੁਧ ਸਾਜ਼ਸ਼ਾਂ ਕਰ ਝੂਠੇ ਤੂਫਾਨ ਉਠਾ ਆਪਣੇ ਪੈਰ ਜਮਾਣੇ, ਦੇਸ਼ ਹਤੈਸ਼ੀ ਤੇ ਕੌਮ ਪ੍ਰਸਤ ਸਿੱਖਾਂ ਦੇ ਲਹੂ ਨ੍ਹਾਉਣ ਲਈ ਜਿਸ ਤਰਾਂ ਉਹਨਾਂ ਜੋੜ ਤੋੜ ਕੀਤੇ ਸੀ ਆਪਣੀ ਅੱਖੀਂ ਵੇਖ ਚੁਕਾ ਸੀ, ਇਸ ਨੇ ਜਦ ਦਰਬਾਰ ਵਲ ਨਜ਼ਰ ਮਾਰੀ ਤਦ ਵਿਚਾਰਿਆ ਕਿ ਨਾਬਾਲਗ਼ ਮਹਾਰਾਜਾ ਦਲੀਪਸਿੰਘ ਦਾ ਮਾਮਾ ਸ੍ਰਦਾਰ ਜਵਾਹਰ ਸਿੰਘ ਇਕ ਅਜਹੀ ਵਯਕਤੀ ਹੈ, ਜੋ ਇਸਦੀ ਸਵਾਰਥ ਸਿੱਧੀ

ਤੇ ਮਨ ਮੰਨੀਆਂ ਕਰਨ ਵਿਚ ਰੋਕ ਹੋ ਸਕਦੀ ਹੈ, ਝਟ ਓਹ ਪਰਾਣਾ ਹਥਜਾਰ ਜੋ ਇਸ ਦੇ ਪਿਤਾ ਨੇ ਮਹਾਰਾਜਾ ਖੜਗ ਸਿੰਘ ਦੇ ਵਿਰੁਧ ਵਰਤਕੇ ਕਾਮਯਾਬੀ ਹਾਸਲ ਕੀਤੀ ਸੀ, ਵਰਤਣ ਦੀ ਗੋਂਦ ਗੁੰਦੀ, ਆਮ ਲੋਕਾਂ ਵਿਚ ਇਹ ਅਫਵਾਹ ਉੜਾ ਦਿਤੀ, ਕਿ"ਸ੍ਰਦਾਰ ਜਵਾਹਰ ਸਿੰਘ ਮਹਾਰਾਜਾ ਦਲੀਪ ਸਿੰਘ ਨੂੰ ਅੰਗ੍ਰੇਜ਼ਾਂ ਦੇ ਹਥ ਵੇਚਣਾ ਚਾਹੁੰਦਾ ਹੈ।" ਇਸ ਅਫਵਾਹ ਦੇ ਉਡਦਿਆ ਹੀ ਬਿਨਾਂ ਸਚ ਝੂਠ ਦੀ ਪੜਤਾਲ ਕੀਤੇ ਸੈਨਾਂ ਸ੍ਰਦਾਰ ਜਵਾਹਰ ਸਿੰਘ ਦੇ ਵਿਰੁਧ ਹੋ ਗਈ, ਤੇ ਸ੍ਰਦਾਰ ਜਵਾਹਰ ਸਿੰਘ ਨੂੰ ਕੈਦ ਕਰ ਲਿਆ ਗਿਆ। ਇਸੇ ਤਰਾਂ ਨਾਲ ਸ੍ਰ: ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਦੇ ਪ੍ਰਭਾਵ ਨੂੰ ਵਧਦਾ ਵੇਖ ਉਨ੍ਹਾਂ ਨੂੰ ਵੀ ਹੀਰਾ ਸਿੰਘ ਨੇ ਦਬਾ ਦਿਤਾ। ਸੰਧਾਵਾਲੀਆਂ ਦਾ ਸਾਰਾ ਰਾਜ ਜ਼ਬਤ ਕਰ ਲਿਆ ਤੇ ਉਨ੍ਹਾਂ ਦੇ ਅਸਥਾਨਾ ਨੂੰ ਮਿੱਟੀ ਵਿਚ ਮਿਲਾ ਦਿਤਾ, ਸ੍ਰਦਾਰ ਅਤਰ ਸਿੰਘ ਸੰਧਾਵਾਲੀਆਂ ਥਾਨੇਸਰ ਚਲਾ ਗਿਆ। ਦੋ ਮਹੀਨੇ ਦੇ ਪਿਛੇ ਹੀਰਾ ਸਿੰਘ ਦੇ ਪੁਰਾਣੇ ਖਿਆਲ ਉਠੇ ਤੇ ਫਿਰ ਇਕ ਵਾਰ ਸਿਖ ਸੈਨਾ ਇਕਤ੍ਰ ਕਰ ਅਤਰ ਸਿੰਘ ਤੋਂ ਬਦਲਾ ਲੈਣ ਲਈ ਤਤਪਰ ਹੋਇਆ, ਪ੍ਰਤਾਪ ਸਿੰਘ ਨੂੰ ਕੋਹ ਅਤਰ ਸਿੰਘ ਨੂੰ ਮੰਗਵਾਇਆ, ੨ ਮਈ ਨੂੰ ਸਤਲੁਜ ਨਦੀ ਤੋਂ ਪਾਰ ਉਤਰਿਆ ਤੇ ਓਹ ਬਿਨਾਂ ਕਿਸੇ ਹੋਰ ਥਾਂ ਅਟਕੇ ਦੇ ਭਾਈ ਬੀਰ ਸਿੰਘ ਜੀ ਨੌਰੰਗਾਬਾਦ ਪਾਸ ਜੋ ਉਸ ਵੇਲੇ ਲਾਹੌਰ ਤੋਂ ੪੦ ਮੀਲ ਦੀ ਵਿਥ ਤੇ ਸਨ ਆ ਉਤਰਿਆ।

ਭਾਈ ਬੀਰ ਸਿੰਘ ਆਪਣੇ ਧਰਮ ਭਾਵ ਤੇ ਨਾਮ ਦੇ ਰਸੀਏ ਹੋਣ ਦੇ ਕਾਰਨ ਇਸ ਇਲਾਕੇ ਵਿਚ ਬੜੇ ਪ੍ਰਸਿੱਧ ਸਨ, ਇਲਾਕੇ ਦੇ ਕਿਸਾਨ ਇਨ੍ਹਾਂ ਦਾ ਬੜਾ ਆਦਰ ਤੇ ਸਨਮਾਨ

ਕਰਦੇ ਸੀ, ਹੀਰਾ ਸਿੰਘ ਉਹਨਾਂ ਦੀ ਮਾਨ ਅਤੇ ਪਭਤਾ ਦੀਆਂ ਗੱਲਾਂ ਸੁਣ ਆਪਣੇ ਪਾਪਾਂ ਤੋਂ ਦਿਲ ਵਿਚ ਕੰਬਦਾ ਸੀ, ਹੁਣ ਉਸਨੇ ਅਤਰ ਸਿੰਘ ਦੀ ਅਵਾਈ ਦੀ ਗੱਲ ਸੁਣ ਫੌਜ ਦੇ ਅਗੇ ਮਿਨਤਾਂ ਕਰਕੇ ਉਨ੍ਹਾਂ ਨੂੰ ਅਤਰ ਸਿੰਘ ਦੇ ਦਮਨ ਕਰਨ ਲਈ ਪ੍ਰਾਰਥਨਾ ਕੀਤੀ, ਤੇ ਕਿਹਾ ਕਿ ਖਾਲਸਾ ਜੀ ! ਅਤਰ ਸਿੰਘ ਤਾਂ ਨਿਰਾ ਅੰਗ੍ਰੇਜ਼ਾਂ ਦਾ ਆਦਮੀ ਹੈ*, ਬਸ ਫਿਰ ਕੀ ਸੀ, ਉਸ ਦੇ ਇਹ ਕਹਣ ਤੇ ਉਸਦਾ ਜਾਦੂ ਚਲ ਗਿਆ, ਲਾਹੌਰ ਤੋਂ ਇਕ ਬੜੀ ਤਕੜੀ ਸੈਨਾਂ ਲਾਭ ਸਿੰਘ ਡੋਗਰੇ ਨੂੰ ਸੈਨਾ ਪਤੀ ਬਣਾਕੇ ਭੇਜ ਦਿਤੀ, ਇਸ ਸੈਨਾਂ ਦੇ ਸਿਖ ਸਪਾਹੀ ਭਾਈ ਬੀਰ ਸਿੰਘ ਦੇ ਮਕਾਨ ਤੇ ਹਮਲਾ ਕਰਨਾ ਨਹੀਂ ਚਾਹੁੰਦੇ ਸਨ, ਇਸ ਲਈ ਲਾਭ ਸਿੰਘ ਡੋਗਰੇ ਵਲੋਂ ਇਕ ਆਦਮੀ ਦੇ ਹਥ ਭਾਈ ਬੀਰ ਸਿੰਘ ਜੀ ਨੂੰ ਸੁਨੇਹਾ ਭੇਜਿਆ ਗਿਆ, ਕਿ ਆਪ ਇਸ ਜਗਾ ਨੂੰ ਛਡਕੇ ਕਿਤੇ ਹੋਰਥੇ ਚਲੇ ਜਾਓ, ਇਹ ਸੁਨੇਹਾ ਲੈਕੇ ਜਾਣੇ ਵਾਲੇ ਆਦਮੀ ਨੇ ਬੜੇ ਹੀ ਬੇ ਅਦਬੀ ਤੇ ਅਪਮਾਨ ਭਰੇ ਵਾਕਾਂ ਵਿਚ ਇਹ ਗਲ ਧਰਮ ਮੂਰਤ ਭਾਈ ਬੀਰ ਸਿੰਘ ਜੀ ਨੂੰ ਕਹੀ, ਇਹਨਾਂ ਅਯੋਗ ਵਾਕਾਂ ਤੋਂ ਕ੍ਰੋਧਤ ਹੋ ਸ: ਅਤਰ ਸਿੰਘ ਨੇ ਇਕ ਆਦਮੀ ਨੂੰ ਆਪਣੀ ਹਥੀਂ ਮਾਰ ਦਿਤਾ, ਜਿਸਤੋਂ ਲਾਹੌਰ ਦਰਬਾਰ ਦੀ ਸੈਨਾਂ ਨੇ ਹਮਲਾ ਕਰ ਦਿਤਾ। ਭਾਈ ਬੀਰ ਸਿੰਘ ਜੀ ਨੂੰ ਲੜਨ ਲਈ ਕਿਹਾ ਗਿਆ, ਇਨ੍ਹਾਂ ਨੇ ਕਿਹਾ ਕਿ "ਇਧਰ ਵੀ ਸਿੱਖ ਹਨ ਤੇ ਉਧਰ ਵੀ ਸਿੱਖ, ਮੈਂ ਸਿੱਖਾਂ ਉੱਤੇ ਹੱਥ ਨਹੀਂ ਚੁਕਾਂਗਾ, ਭਰਾਵਾਂ ਤੇ ਹੱਥ ਨਹੀਂ ਉਠਾਵਾਂਗਾ, ਭਰਾਵਾਂ ਦੇ ਹੱਥੋਂ ਮਰ ਜਾਵਾਂਗਾ, ਪ੍ਰੰਤੂ ਆਪਣੀ ਹਥੀਂ ਭਰਾਵਾਂ ਨੂੰ ਨਹੀਂ ਮਾਰਾਂਗਾ।"

ਲਾਭ ਸਿੰਘ ਡੋਗਰੇ ਦੀ ਸੈਨਾਂ ਨੇ ਤੋਪਾਂ ਚਲਾਣੀਆਂ ਸ਼ੁਰੂ ਕਰਦਿਤੀਆਂ,ਸ੍ਰ: ਅਤਰ ਸਿੰਘ ਤੇ ਕਸ਼ਮੀਰਾ ਸਿੰਘ ਮਾਰੇ ਗਏ, ਮਕਾਨ ਦੇ ਅੰਦਰ ਜਾਕੇ ਵੇਖਣ ਤੇ ਪਤਾ ਲਗਾ ਕਿ ਇਕ ਗੋਲੇ ਦੇ ਲਗਣ ਨਾਲ ਭਾਈ ਬੀਰ ਸਿੰਘ ਜੀ ਭੀ ਚੜ੍ਹਾਈ ਕਰ ਚੁਕੇ ਹਨ, ਸਿਖਾਂ ਦੇ ਦਿਲਾਂ ਦੇ ਵਿਚ ਇਸ ਕਰਨੀ ਵਾਲੇ ਮਹਾਂ ਪੁਰਸ਼ ਦੀ ਮੌਤ ਤੋਂ ਬੜਾ ਖੇਦ ਹੋਇਆ।

ਇਸਤਰਾਂ ਸੰਧਾਂ ਵਾਲੀਆਂ ਦੇ ਕਤਲ ਹੋ ਜਾਣ ਤੇ ਵੀ ਮੁਲਕ ਵਿਚ ਸ਼ਾਂਤੀ ਨਹੀਂ ਹੋਈ, ਬੇ ਚੈਨੀ ਜਿਓਂ ਦੀ ਤਿਓਂ ਬਣੀ ਰਹੀ।

ਹੀਰਾ ਸਿੰਘ ਦੀ ਅਨੀਤੀ ਉਸ ਨੂੰ ਵਧੀਕ ਸਮੇਂ ਤਕ ਕਾਮਯਾਬ ਨਾ ਰਖ ਸਕੀ। ਜੱਲ੍ਹੇ ਪੰਡਤ ਦੀ ਬੇਈਮਾਨੀ ਨੇ ਉਸਦੀ ਬੇੜੀ ਨੂੰ ਡੋਬਣ ਵਿਚ ਹੋਰ ਵੀ ਛੇਤੀ ਦਾ ਕੰਮ ਕੀਤਾ। ਜਦ ਇਨ੍ਹਾਂ ਦੀਆਂ ਖ਼ਰ ਮਸਤੀਆਂ ਹਦੋਂ ਲੰਘ ਟੁਰੀਆਂ, ਤਦ ਸ੍ਰ: ਜਵਾਹਰ ਸਿੰਘ ਨੇ ਇਹ ਸਾਰੀਆਂ ਸ਼ਕਾਇਤਾਂ ਇਕਠੀਆਂ ਕਰ ਫੌਜ ਨੂੰ ਸੁਣਾਈਆਂ, ਤਦ ਸੈਨਾਂ ਨੇ ਹੀਰਾ ਸਿੰਘ ਦੀ ਹਵੇਲੀ ਨੂੰ ਆ ਘੇਰਿਆ, ਤੇ ਜੱਲ੍ਹੇ ਪੰਡਤ ਦੇ ਮੌਕੂਫ ਕਰਨ ਦੀ ਮੰਗ ਕੀਤੀ।

ਹੀਰਾ ਸਿੰਘ ਵਜ਼ੀਰ ਨੇ ਇਸ ਗੱਲ ਨੂੰ ਉਸ ਵੇਲ਼ੇ ਤਾਂ ਮਾਨ ਲਿਆ, ਪ੍ਰੰਤੂ ਓਹ ਜੱਲ੍ਹੇ ਪੰਡਤ ਨੂੰ ਮੌਕੂਫ ਕਰਕੇ ਫੌਜ ਦੇ ਹਵਾਲੇ ਕਰਨਾ ਨਹੀਂ ਚਾਹੁੰਦਾ ਸੀ, ਇਸ ਵਾਸਤੇ ਕਿਲੇ ਵਿਚੋਂ ਨਿਕਲਣ ਤੋਂ ਪਹਿਲੇ ਬਹੁਮੁੱਲੇ ਜਵਾਹਰਾਤ ਤੇ ਸੋਨਾ ਚਾਂਦੀ ਲੈਕੇ ਜੱਲ੍ਹੇ ਪੰਡਤ ਸਮੇਤ ਲਾਹੌਰ ਤੋਂ ਜੰਮੂ ਵਲ ਚਲਾ ਗਿਆ,ਉਸੇ ਵੇਲੇ ਫੌਜ ਉਸਦੇ ਪਿਛੇ ਗਈ,ਜਿਸਨੇ ਪਿੰਡ ਕਾਲਾ ਸ਼ਾਹ ਕਾਕੂ ਦੇ ਪਾਸ ਜਾ ਘੇਰਿਆ। ਇਹ ੧੫੦ ਦੇ ਕਰੀਬ

ਆਦਮੀ ਸਨ, ਤੇ ਬਹੁਤ ਸਾਰੀ ਮਾਲ ਦੌਲਤ ਲਈ ਜਾਂਦੇ ਸਨ, ਸੈਨਾਂ ਦੇ ਪਿਛੇ ਗਏ ਜਵਾਨਾਂ ਨੇ ਇਨ੍ਹਾਂ ਨੂੰ ਵੰਗਾਰਿਆ ਤੇ ਸਾਰਿਆਂ ਨੂੰ ਤਲਵਾਰ ਦੇ ਘਾਟ ਉਤਾਰ ਜੋ ਕੁਝ ਧਨ ਮਾਲ ਉਨ੍ਹਾਂ ਪਾਸ ਸੀ ਵਾਪਸ ਲੈ ਆਂਦਾ, ਹੀਰਾ ਸਿੰਘ ਤੇ ਜੱਲ੍ਹੇ ਦੇ ਸਿਰ ਨੂੰ ਵੱਢਕੇ ਲਾਹੌਰ ਆ ਟੰਗਿਆ।

ਓਹ ਸਿਰ! ਜੋ ਕੱਲ ਤੱਕ ਆਪਣੀ ਚਤੁਰਤਾ ਦੇ ਕਾਰਨ ਕਿਸੇ ਅੱਗੇ ਨਹੀਂ ਝੁਕਦੇ ਸੀ, ਓਹ ਵਯਕਤੀਆਂ ਜੋ ਆਪਣੀ ਮੌਤ ਨੂ ਭੁਲਾ ਲਾਲਚ ਵਿਚ ਦੂਜਿਆਂ ਦੇ ਖੂਨ ਨ੍ਹਾ ਰਹੀਆਂ ਸੀ! ਅੱਜ ਹੀਰਾ ਸਿੰਘ ਦਾ ਸਿਰ ਲੁਹਾਰੀ ਦਰਵਾਜ਼ੇ ਬਾਹਰ ਲਟਕ ਰਿਹਾ ਹੈ, ਲਾਭ ਸਿੰਘ ਦਾ ਮੋਰੀ ਦਰਵਾਜ਼ੇ, ਸੋਹਨ ਸਿੰਘ ਦਾ ਸ਼ਹਾਲਮੀ ਤੇ ਜੱਲ੍ਹੇ ਦਾ ਹੱਟੀ ਹੱਟੀ ਫਿਰ ਰਿਹਾ ਹੈ:-

ਖ਼ੂਨ ਬੇਦੋਸੇ ਪਰਵਾਨੇ ਦੇ ਇੰਨੀ ਦੇਰ ਨ ਲਾਈ।
ਰਾਤ ਮੁੱਕਣ ਤੋਂ ਪਹਿਲੇ ਹੀ ਉਸ ਸ਼ਮਾਂ ਦੀ ਅਲਖ ਮੁਕਾਈ।

ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਜੰਮੂ ਦੇ ਇਲਾਕੇ ਨਾਲ ਲਗਵੇਂ ਸਿਆਲ ਕੋਟ ਤੇ ਕੜਿਆਲੇ ਦੀ ਜਾਗੀਰ ਤੇ ਸਨ, ਗੁਲਾਬ ਸਿੰਘ ਨੂੰ ਇਨ੍ਹਾਂ ਦੀ ਜਾਗੀਰ ਖੋਹਣ ਦੀ ਲਾਲਸਾ ਨੇ ਬੇ ਕਰਾਰ ਕਰ ਦਿਤਾ, ਬਨਾਵਟਾਂ ਬਣਾਨ ਵਿਚ ਡੋਗਰੇ ਉਸਤਾਦ ਸਨ, ਲਾਹੌਰ ਚਿਠੀ ਲਿਖ ਦਿਤੀ ਕਿ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਸੰਧਾਵਾਲੀਏ ਮਹਾਰਾਜੇ ਦੇ ਕਤਲ ਦੀ ਸ਼ਾਜ਼ਸ਼ ਵਿਚ ਸ਼ਾਮਲ ਸਨ, ਝਟ ਗ੍ਰਿਫਤਾਰੀ ਦਾ ਹੁਕਮ ਦੇ ਦਿਤਾ, ਗੁਲਾਬ ਸਿੰਘ ਕਈ ਵੇਰ ਲੜਾਈਆਂ ਲੜਿਆ, ਕਿੰਤੂ ਇਨ੍ਹਾਂ ਸਰਦਾਰਾਂ ਨੇ ਹਰ ਵਾਰ ਉਸਦਾ ਮੂੰਹ ਭਵਾ ਦਿਤਾ, ਫਿਰ ਲਾਹੌਰ ਦਰਬਾਰ ਵਲੋਂ

ਫੌਜ ਗਈ, ਤਦ ਇਨ੍ਹਾਂ ਨੇ ਇਕ ਤਕੜੀ ਦੀ ਲੜਾਈ ਲੜਨ ਮਗਰੋਂ ਕਿਲਾ ਖਾਲੀ ਕਰ ਦਿਤਾ।

ਹੀਰਾ ਸਿੰਘ ਦੀ ਮ੍ਰਿਤੂ ਪਿਛੋਂ ਸ੍ਰ: ਜਵਾਹਰ ਸਿੰਘ ਵਜ਼ੀਰ ਬਣੇ, ਸਿੱਖ ਸੈਨਾ ਜੰਮੂ ਦੇ ਰਾਜਾ ਗੁਲਾਬ ਸਿੰਘ ਤੋਂ ਪ੍ਰਸੰਨ ਨਹੀਂ ਸੀ, ਇਨ੍ਹਾਂ ਨੇ ਜਿਸ ਦੇਸ਼ ਘਾਤਕ ਚਾਲ ਨਾਲ ਲਾਹੌਰ ਦਰਬਾਰ ਦੀ ਇੱਟ ਨਾਲ ਇੱਟ ਵਜਾਈ ਸੀ, ਓਹ ਕਿਸੇ ਤੋਂ ਛਿਪੀ ਨਹੀਂ ਸੀ, ਤੇ ਅਜੇ ਤਕ ਇਹ ਮੁਲਕ ਦੇ ਵਿਚ ਲਾਹੌਰ ਦਰਬਾਰ ਦੇ ਵਿਰੁਧ ਲੋਕਾਂ ਨੂੰ ਭੜਕਾ ਰਿਹਾ ਸੀ, ਖਰਾਜ ਦੇਣ ਵਾਲਿਆਂ ਨੂੰ ਖਰਾਜ ਦੇਣ ਤੋਂ ਰੋਕਦਾ ਸੀ। ਸਿੱਖ ਸੈਨਾਂ ਨਾਲ ਲੜਨ ਦੀ ਸ਼ਕਤੀ ਨਾ ਵੇਖ ਇਸ ਨੇ ਫੌਜ ਨੂੰ ਬਹੁਤ ਸਾਰਾ ਧਨ ਦਿਤਾ,ਸਿਖ ਸੈਨਾਂ ਰਾਜਾ ਗੁਲਾਬ ਸਿੰਘ ਨੂੰ ਲਾਹੌਰ ਲੈ ਆਈ, ਇਥੇ ਆਕੇ ਇਸਨੇ ੧੮ ਲਖ ਰੁਪਯੇ ਦਿਤੇ।

ਗੁਲਾਬ ਸਿੰਘ ਨੂੰ ਦਮਨ ਕਰਕੇ ਸਿਖ ਸੈਨਾਂ ਨੇ ਮੁਲਤਾਨ ਦੇ ਨਵੇਂ ਦੀਵਾਨ ਮੂਲ ਰਾਜ ਤੇ ਹਮਲਾ ਕੀਤਾ, ਇਹ ਦੀਵਾਨ ਲਾਹੌਰ ਦਰਬਾਰ ਨੂੰ ਖਰਾਜ ਦੇਂਦਾ ਸੀ, ਕਿੰਤੂ ਦਰਬਾਰ ਵਿਚ ਇਸ ਤਰਾਂ ਆਪੋ ਧਾਪੀ ਮਚੀ ਵੇਖ ਆਕੀ ਹੋ ਬੈਠਾ, ਤੇ ਇਸਨੇ ਆਪਣੇ ਸੁਤੰਤਰ ਹੋਣ ਦਾ ਏਲਾਨ ਕਰ ਦਿਤਾ। ਸਿੱਖ ਸੈਨਾਂ ਨੇ ਇਸ ਦਾ ਗੌਰਵ ਦੀ ਦਮਨ ਕੀਤਾ, ਤੇ ੧੮ ਲਖ ਰੁਪਯਾ ਟੈਕਸ ਦਾ ਉਸਤੋਂ ਵਸੂਲ ਹੋਇਆ।

ਹੁਣ ਇਕ ਹੋਰ ਨਵੀਂ ਕਲ੍ਹਾ ਉਠੀ,ਸ੍ਰ: ਪਿਸ਼ੌਰਾ ਸਿੰਘ ਦਰਬਾਰ ਵਿਚ ਪ੍ਰਤਾਪ ਵਾਲੇ ਸ੍ਰਦਾਰ ਸਨ, ਰਾਜਾ ਗੁਲਾਬ ਸਿੰਘ ਨੇ ਸ੍ਰ: ਪਸ਼ੌਰਾ ਸਿੰਘ ਤੇ ਹੀਰਾ ਸਿੰਘ ਵਿਚ ਵਿਰੋਧਤਾ ਪਵਾ ਦਿਤੀ, ਪਿਸ਼ੌਰਾ ਸਿੰਘ ਨੇ ਅਟਕ ਦਾ ਕਿਲਾ ਲੈ ਲਿਆ,

ਸ੍ਰ: ਜਵਾਹਰ ਸਿੰਘ ਨੇ ਪਿਸ਼ੌਰਾ ਸਿੰਘ ਦੇ ਵਿਰੁਧ ਸੈਨਾਂ ਭੇਜੀ, ਦੋਨਾਂ ਪਾਸਿਆਂ ਤੋਂ ਖੂਬ ਯੁਧ ਹੋਇਆ, ਪਿਸ਼ੌਰਾ ਸਿੰਘ ਪ੍ਰਾਕਰਮੀ ਸੀ, ਸੈਨਾਂ ਉਸ ਨੂੰ ਬਹੁਤ ਚਾਹੁੰਦੀ ਸੀ, ਬਹੁਤੀ ਸੈਨਾਂ ਉਸ ਦੇ ਵੱਲ ਸੀ, ਇਹ ਕੈਹਕੇ ਜਵਾਹਰ ਸਿੰਘ ਦੇ ਆਦਮੀਆਂ ਉਸ ਨੂੰ ਲਾਪਦਾਰੀਆਂ ਗੱਲਾਂ ਕਰ ਉਸ ਤੋਂ ਕਿਲਾ ਖਾਲੀ ਕਰਾ ਲਿਆ ਤੇ ਉਸ ਨੂੰ ਲਾਹੌਰ ਵਲ ਲੈ ਟੁਰੇ, ਉਹ ਵਿਚਾਰਾ ਜਵਾਹਰ ਸਿੰਘ ਦੀਆਂ ਗੱਲਾਂ ਵਿੱਚ ਆ ਗਿਆ, ਰਸਤੇ ਵਿੱਚ ਇਕ ਰਾਤ ਉਸ ਨੂੰ ਕਤਲ ਕਰਕੇ ਨਦੀ ਦੇ ਵਿੱਚ ਸੁਟ ਦਿਤਾ ਗਿਆ। ਜਦ ਇਹ ਖਬਰ ਸੈਨਾ ਨੇ ਸੁਣੀ, ਤਦ ਉਸ ਨੇ ਪਿਸ਼ੌਰਾ ਸਿੰਘ ਦਾ ਬਦਲਾ ਜਵਾਹਰ ਸਿੰਘ ਦੀ ਮੌਤ ਹੀ ਉਚਿਤ ਸਮਝਿਆ, ਜਵਾਹਰ ਸਿੰਘ ਨੇ ਆਪਣੇ ਬਚਾਉ ਲਈ ਬਹੁਤ ਸਾਰੇ ਉਪਾਉ ਕੀਤੇ, ਪਰ ਕੋਈ ਚਾਲ਼ ਪੂਰੀ ਨਹੀਂ ਉਤਰੀ।ਸਿੱਖਾਂ ਦੇ ਇਕ ਦਲ ਨੇ ਆਪਣੀ ਸਭਾ ਲਾਈ, ਉਸ ਵਿੱਚ ਪਿਸ਼ੌਰਾ ਸਿੰਘ ਦਾ ਮਾਮਲਾ ਪੇਸ਼ ਹੋਇਆ, ਪਿਸ਼ੌਰਾ ਸਿੰਘ ਦੀ ਹੱਤਯਾ ਦਾ ਜ਼ੁਮੇਵਾਰ ਸ੍ਰ: ਜਵਾਹਰ ਸਿੰਘ ਨੂੰ ਸਮਝ ਇਨ੍ਹਾਂ ਨੂੰ ਪ੍ਰਾਣ ਦੰਡ ਦੇਣ ਦੀ ਸਜ਼ਾ ਨਿਸਚਤ ਹੋਈ।

੨੧ ਸਤੰਬਰ ਨੂੰ ਸਭਾ ਵਿੱਚ ਆਪਣੇ ਆਪਨੂੰ ਨਿਰਦੋਸ਼ ਸਾਬਤ ਕਰਨ ਲਈ ਜਵਾਹਰ ਸਿੰਘ ਨੂੰ ਮੌਕਾ ਦਿਤਾ ਗਿਆ, ਇਹ ਹਾਥੀ ਤੇ ਚੜ੍ਹ ਕੇ ਉਥੇ ਗਿਆ, ਕਿੰਤੂ ਇਨ੍ਹਾਂ ਦਾ ਦਿਲ ਅਤਿ ਭੈ ਭੀਤ ਸੀ, ਇਸ ਕਰਕੇ ਮਹਾਰਾਜਾ ਦਲੀਪ ਸਿੰਘ ਨੂੰ ਝੋਲੀ ਵਿੱਚ ਬਿਠਾਲਿਆ ਤੇ ਬਹੁਤ ਸਾਰਾ ਧਨ ਸਾਥ ਲੈ ਗਏ, ਸੈਨਾਂ ਵਿੱਚ ਅੱਪੜ ਉਹਨਾਂ ਨੇ ਧਨ ਦੇ ਕੇ ਕੁਝ ਆਦਮੀਆਂ ਨੂੰ ਆਪਣੇ ਵੱਲ ਕਰਨ ਦਾ

ਯਤਨ ਕੀਤਾ, ਕਿੰਤੂ ਇਨ੍ਹਾਂ ਨੂੰ ਬੜੇ ਕਰੜੇ ਵਾਕਾਂ ਵਿੱਚ ਕਿਹਾ ਗਿਆ ਕਿ "ਮਹਾਰਾਜ ਇਨ੍ਹਾਂ ਪਾਸ ਨਹੀਂ ਰੈਹਣ ਦਿਤੇ ਜਾਣਗੇ" ਮਹਾਰਾਜ ਕੁਝ ਹੀ ਦੂਰ ਦੀ ਛਾਵਨੀ ਵਿੱਚ ਰਖੇ ਗਏ ਤੇ ਸੈਨਾਂ ਦੇ ਇਕ ਦਲ ਨੇ ਅੱਗੇ ਵਧ ਕੇ ਬੰਦੂਕ ਦੀ ਗੋਲੀ ਨਾਲ ਵਜ਼ੀਰ ਜਵਾਹਰ ਸਿੰਘ ਨੂੰ ਮਾਰ ਦਿਤਾ, ਠੀਕ ਉਸੇ ਸਮੇਂ ਜਵਾਹਰ ਸਿੰਘ ਦੇ ਸਾਥੀ ਵੀ ਕਤਲ ਕਰ ਦਿਤੇ ਗਏ।

---

## ੬.

ਫੁੱਟ ਫੁੱਟ ਕੇ ਵਾਂਗ ਫੁੱਟ ਦੇ,
ਕੀਤਾ ਫਾੜੀ ਫਾੜੀ।
ਆਪਾ ਧਾਪੀ ਮਚੀ ਚੁਫ਼ੇਰੇ,
ਬਣੀਂ ਦੁਖਾਂ ਦੀ ਵਾੜੀ।

ਲਾਹੌਰ ਦਰਬਾਰ ਵਿੱਚ ਅੱਜ ਕੈਹਰ ਵਰਤ ਰਿਹਾ ਹੈ, ਪ੍ਰਾਕਰਮੀ, ਪ੍ਰਤਾਪੀ, ਐਸ਼ਵਰਜਵਾਨ, ਦਾਨਾ ਤੇ ਦੂਰ ਅੰਦੇਸ਼ ਸ੍ਰ: ਡੋਗਰਾ ਗਰਦੀ ਦੀ ਉਤਪਨ ਕੀਤੀ ਫੁੱਟ ਦੇ ਹੱਥੋਂ ਇਕ ਇਕ ਕਰਕੇ ਕਤਲ ਕੀਤੇ ਜਾ ਚੁਕੇ ਹਨ, ਸਾਰੇ ਦੇਸ਼ ਭਗਤ, ਕੌਮ ਪ੍ਰਸਤ ਤੇ ਪੰਥ ਦੇ ਦਰਦ ਵਾਲੇ ਮਰਵਾਂ ਦਿੱਤੇ ਹਨ, ਐਸ ਵੇਲੇ ਭਲਾ ਬੁਰਾ, ਚੰਗਾ ਮੰਦਾ ਤੇ ਵਜ਼ੀਰਾਂ ਅਮੀਰਾਂ ਦੀ ਜ਼ਿੰਦਗੀ ਤੇ ਮੌਤ ਫੌਜ ਦੇ ਹੱਥ ਵਿਚ ਹੈ, ਅਜਹੇ ਵੇਲੇ ਕਿਸੇ ਦੂਰ ਦਰਸ਼ੀ ਤੇ ਦਾਨਾ ਨੂੰ ਵਜ਼ਾਰਤ ਲਈ ਅੱਗੇ ਵਧਣ ਦਾ ਹੌਸਲਾ ਨਾ ਪਿਆ, ਦਰਬਾਰ ਵਿੱਚ ਚਮਕਦੀ ਤਲਵਾਰ ਤੇ ਖੜਕਦੇ ਖੰਡੇ ਤੋਂ ਭੈ ਭੀਤ ਹੋਏ ਸਭ ਸਿਰ ਲੁਕਾਈ ਬੈਠੇ ਸਨ।

ਰਾਣੀ ਜਿੰਦਾਂ ਨੇ ਰਾਜ ਦੀ ਬਾਗ ਡੋਰ ਆਪਣੇ ਹਥ ਵਿੱਚ ਲਈ, ਖਜ਼ਾਨਚੀ ਦੀਨਾ ਨਾਥ,ਤਨਖਾਹ ਵੰਡਨ ਵਾਲੇ, ਭਗਤ ਰਾਏ ਤੇ ਨੂਰਦੀਨ ਸਨ।

"ਉਜੜੇ ਪਿੰਡ ਭੜੋਲਾ ਮੋਹਰ"

ਵਾਲੀ ਕਹਾਵਤ ਅਨੁਸਾਰ ੪ ਨਵੰਬਰ ੧੮੪੫ ਨੂੰ ਮਿਸਰ ਲਾਲ ਸਿੰਘ ਨੂੰ ਰਾਜੇ ਦਾ ਖਿਤਾਬ ਦੇਕੇ ਵਜ਼ੀਰ ਬਨਾ ਦਿੱਤਾ ਗਿਆ,ਕਿੰਤੂ ਅਜਹੇ ਸਮੇਂ ਜਦ ਕਿ ਰਾਜਾ ਧਯਾਨ ਸਿੰਘ,ਰਾਜਾ ਹੀਰਾ ਸਿੰਘ,ਰਾਜਾ ਸੁਚੇਤ ਸਿੰਘ ਤੇ ਸ੍ਰਦਾਰ ਜਵਾਹਰ ਸਿੰਘ ਜਹੇ ਆਦਮੀਂ ਜਿਨ੍ਹਾਂ ਕਿਸੇ ਇਕ ਜਾਂ ਦੂਜੇ ਕਾਰਨ ਤੋਂ ਦਰਬਾਰ ਵਿਚ ਬੜੀ ਤਾਕਤ ਤੇ ਰਸੂਖ ਹਾਸਲ ਕਰ ਲੀਤਾ ਹੋਇਆ ਸੀ,ਫੌਜ ਦੇ ਹੱਥੋਂ ਕਤਲ ਹੋ ਗਏ ਹਨ,"ਮੈਂ ਕਿਸਤਰਾਂ ਅਮਨ ਦੇ ਨਾਲ ਰੈਹ ਸਕਦਾ ਹਾਂ"ਇਸ ਸੋਚ ਨੇ ਮਿਸਰ ਲਾਲ ਸਿੰਘ ਨੂੰ ਵਜ਼ੀਰ ਬਣਦਿਆਂ ਹੀ ਆ ਘੇਰਿਆ, ਤੇ ਖਾਲਸੇ ਦੀ ਡੋਗਰਿਆਂ ਦੇ ਹੱਥੋਂ ਰਹੀ ਖਹੀ ਸ਼ਾਨ ਤੇ ਸੁਤੰਤ੍ਰਤਾ ਨੂੰ ਨਸ਼ਟ ਕਰਨ ਦਾ ਕੰਮ ਮਿਸਰ ਜੀ ਨੇ ਆਪਣੇ ਹੱਥ ਲਿਆ।

ਰਾਣੀ ਜਿੰਦਾਂ ਨੂੰ ਆਪਣੇ ਭਰਾਤਾ ਸ੍ਰ: ਜਵਾਹਰ ਸਿੰਘ ਦੀ ਮੌਤ ਦਾ ਸੱਲ ਬੇਤਾਬ ਕਰ ਰਿਹਾ ਸੀ,ਇਹ ਆਪਣੇ ਭਰਾ ਦਾ ਬਦਲਾ ਫੌਜ ਤੋਂ ਲੈਣ ਲਈ ਤੁਲੀ ਬੈਠੀ ਸੀ,ਇਸ ਦੀਆਂ ਅੱਖਾਂ ਵਿਚੋਂ ਓਸ ਵੇਲੇ ਖ਼ੂਨ ਟਪਕਦਾ ਸੀ।ਸਿੱਖ ਸੈਨਾਂ ਨਸ਼ਟ ਹੋ ਜਾਏ, ਖਾਲਸਾ ਸਲਤਨਤ ਤਬਾਹ ਹੋ ਜਾਏ, ਉਸਦੀ ਬਲਾ ਨੂੰ ਆਪਣੇ ਭਰਾ ਦਾ ਬਦਲਾ ਲੈਣਾ ਉਸਨੇ ਆਪਣਾ ਮੁਖ ਪ੍ਰਯੋਜਨ ਸਮਝ ਰਖਿਆ ਸੀ,ਰਾਜਾ ਲਾਲ ਸਿੰਘ ਵਜ਼ੀਰ ਤੇ ਰਾਜਾ ਤੇਜ ਸਿੰਘ ਬ੍ਰਾਹਮਨ ਜੋ ਜਮਾਂਦਾਰ ਖੁਸ਼ਹਾਲ ਸਿੰਘ ਦਾ ਪੁੱਤਰ ਤੇ ਹੁਣ ਸੈਨਾਂ ਪਤੀ ਸੀ, ਰਾਣੀ ਜਿੰਦਾਂ ਨਾਲ ਮਿਲ

ਖਾਲਸਾ ਸਲਤਨਤ ਨੂੰ ਮਟਾਣ ਦੀਆਂ ਦਿਨ ਰਾਤ ਸੋਚਾਂ ਸੋਚਨ ਲੱਗੇ।

ਅੰਗ੍ਰੇਜ਼ਾਂ ਤੇ ਲਾਹੌਰ ਦਰਬਾਰ ਦੀ ਹੱਦ ਸਤਲੁਜ ਤੇ ਆਪਸ ਵਿਚ ਮਿਲਦੀ ਸੀ, ਅੱਚਣ ਚੇਤ ਇਨਾਂ ਹੀ ਦਿਨਾਂ ਵਿਚ ਅੰਗ੍ਰੇਜ਼ੀ ਫੌਜਾਂ ਵਿਚ ਕੁਝ ਤਬਦੀਲੀ ਹੋਈ, ਅੱਗੇ ਕਈ ਇਕ ਮਾਮਲਿਆ ਤੋਂ ਮਨ ਮੋਟੇ ਹੋਏ ਹੋਏ ਹੀ ਸਨ, ਸਿਖ ਸੈਨਾਂ ਦਾ ਖਿਆਲ ਸੀ ਕਿ ਅੰਗ੍ਰੇਜ਼ਾਂ ਵਲੋਂ ਵਧੀਕੀ ਹੋਈ ਹੈ, ਜਿਹਾ ਕਿ ਮੁਲਤਾਨ ਦੇ ਹਾਕਮ ਮੂਲਰਾਜ ਨੂੰ ਮਦਦ ਦੇਣਾਂ,ਲਾਹੌਰ ਦਰਬਾਰ ਦੇ ਰਾਜ ਵਿਚ ਦੀ ਕਾਬਲ ਵੱਲ ਸੈਨਾਂ ਲੈ ਜਾਣਾ, ਫੀਰੋਜ਼ਪੁਰ ਇਕ ਸਾਲ ਲਈ ਛੌਣੀ ਬਨਾਣੀ ਪ੍ਰਗਟ ਕਰਕੇ ਸਦਾ ਲਈ ਪੱਕੀ ਬਣਾ ਲੈਣੀ* ਆਦਿ, ਰਾਣੀ ਜਿੰਦਾਂ ਤੇ ਵਜ਼ੀਰ ਲਾਲ ਸਿੰਘ ਮਿਸਰ ਨੇ ਇਸ ਮੌਕੇ ਨੂੰ ਉਚਤ ਸਮਝ ਫੈਸਲਾ ਕੀਤਾ ਕਿ ਸਿੱਖ ਸੈਨਾਂ ਨੂੰ ਅੰਗ੍ਰੇਜ਼ਾਂ ਦੇ ਨਾਲ ਲੜਨ ਲਈ ਭੇਜ ਦਿਤਾ ਜਾਏ। ਕੁਲ ਸਰਦਾਰਾਂ ਤੇ ਫੌਜ ਦੇ ਪੈਂਚਾਂ ਨੂੰ ਮਹਾਂਰਾਜਾ ਰਣਜੀਤ ਸਿੰਘਦੀ ਸਮਾਧ ਵਿਚ ਇਕਤਰ ਕੀਤਾ ਤੇ ਦਰਬਾਰ ਵੱਲੋਂ ਕਿਹਾ ਗਿਆ ਕਿ:—

"ਸਿੰਘ ਸਰਦਾਰੋ! ਤੁਸਾਂ ਸੁਣ ਲਿਆ ਹੋਵੇਗਾ ਕਿ ਅੰਗ੍ਰੇਜ਼ ਸਾਡੇ ਮੁਲਕ ਵਿਚ ਦਾਖਲ ਹੋਣ ਲਈ ਫੌਜਾਂ ਤਯਾਰ ਕਰ ਰਹੇ ਹਨ,ਜੇ ਕਦੀ ਖਾਲਸਾ ਫੌਜ ਨੂੰ ਆਪਣੇ ਮੁਲਕ ਦੀ ਕੁਝ ਵੀ ਇੱਜ਼ਤ ਦਾ ਖਿਆਲ ਹੈ, ਤਦ ਅੰਗ੍ਰੇਜ਼ਾਂ ਨੂੰ ਇਸ ਖਿਆਲ ਦਾ ਮਜ਼ਾ ਚਖਾਣਾ ਚਾਹੀਦਾ ਹੈ, ਤੁਸੀ ਜਾਣਦੇ ਹੋ ਅੰਗ੍ਰੇਜ਼ਾਂ ਦੇ ਇਲਾਕੇ ਦਿੱਲੀ ਆਦਿ ਦੌਲਤ ਦੇ ਘਰ ਬਣੇ ਹੋਏ

---

*ਸ: ਉ: ਪ:

ਹਨ, ਹਿੰਮਤ ਕੀਤੀ ਜਾਏ ਤਦ ਉਹਨਾਂ ਤੋਂ ਧਨਵਾਨ ਹੋ ਸਕੋਗੇ, ਸਾਡੇ ਮੁਲਕ ਵਿਚ ਇਸਦੇ ਟਾਕਰੇ ਤੇ ਕੁਝ ਹੈ ਹੀ ਨਹੀਂ"।

ਸੂਧੇ ਸਿਖ, ਸਰਲ ਸੁਭਾਵ ਸਿਖ ਨਿਰਛਲ ਸਿਖ ਨਹੀਂ ਜਾਣਦੇ ਸਨ ਕਿ ਦੇਸ਼ ਦ੍ਰੋਹੀ, ਕੌਮ ਘਾਤਕ ਇਹ ਕੀ ਚਾਲ ਚਲਨ ਲੱਗੇ ਹਨ, ਉਸ ਸਮੇਂ ਪੰਜਾਬ ਵਿਚ ਲੰਕਾ ਦੇ ਵਭੀਖਨ, ਕਨੌਜ ਦੇ ਜੈ ਚੰਦ ਤੇ ਮੁਰਸ਼ਦਾ ਬਾਦ ਦੇ ਨਾਸ਼ ਕਾਰੀ ਅਮੀ ਚੰਦ ਜਿਹਾ ਦਾ ਘਾਟਾ ਨਹੀਂ ਸੀ, ਇਨਾਂ ਲੋਕਾਂ ਨੇ ਸਿੱਖ ਸੈਨਾਂ ਨੂੰ ਅੰਗ੍ਰੇਜ਼ਾਂ ਦੇ ਵਿਰੁਧ ਭੜਕਾਣ ਵਿਚ ਕਸਰ ਨਹੀਂ ਰਖੀ। ਪਹਿਲਾਂ ਤਾਂ ਸਿਖ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਏ, ਕਿੰਤੂ ਅੰਤ ਨੂੰ ਦੇਸ਼ ਦੇ ਪ੍ਰੇਮ ਤੋਂ ਇਨ੍ਹਾਂ ਦੀਆ ਨਾੜੀਆਂ ਵਿਚ ਖੂਨ ਨੇ ਜੋਸ਼ ਮਾਰਿਆ, ਤਾਂ ਸਰਦਾਰਾਂ ਦੇ 'ਮਾਇਆ ਜਾਲ' ਵਿਚ ਸਿੱਖ ਸੈਨਾਂ ਫਸ ਗਈ, ਸਿਖ ਸੈਨਾਂ ਬਿਨਾਂ ਕੁਝ ਸੋਚੇ ਸਮਝੇ ਦੇਸ਼ ਦੀ ਸੇਵਾ ਦੀ ਲਗਨ ਵਿਚ ਮਗਨ ਹੋ ਬ੍ਰਿਟਸ਼ ਸੈਨਾ ਨਾਲ ਲੜਨ ਨੂੰ ਤਯਾਰ ਹੋ ਪਈ। ਹਾਏ! ਓਹ ਨਹੀਂ ਸਮਝ ਸੱਕੇ ਕਿ ਜਿਕਣ ਕੁਰੰਕ ਆਵਾਜ਼ ਵਿਚਾਰੇ ਨਿਰਬੁਧ ਹਰਨ ਦੀ ਜਾਨ ਲੈਣ ਵਾਲੀ ਹੁੰਦੀ ਹੈ, ਅਜਿਹਾ ਹੀ ਲਾਹੌਰ ਦਰਬਾਰ ਦੇ ਸਰਦਾਰਾਂ ਦਾ ਇਸ ਜੰਗ ਲਈ ਭੇਜਣਾ, ਖਾਲਸਾ ਸਲਤਨਤ ਦੇ ਵਾਸਤੇ ਕਾਲ ਸਾਬਤ ਹੋਵੇਗਾ। ਓਹਨਾਂ ਨੂੰ ਕੀ ਖਬਰ ਸੀ ਕਿ ਜਿਸ ਖਾਲਸਾ ਸਲਤਨਤ ਨੂੰ ਕਾਇਮ ਕਰਨ ਲਈ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਅਨੰਤ ਬੁਧੀ ਬਲ, ਤੇ ਅਪੂਰਬ ਭੁਜਾ ਬਲ ਖਰਚ ਕੀਤਾ ਸੀ, ਉਸਨੂੰ ਨਸ਼ਟ ਕਰਨ ਲਈ ਅਜਹੇ ਸੁਵਾਂਗੀ ਸਾਡੇ ਵਿਚ ਆ ਮਿਲੇ ਹਨ ਜੋ ਸਿੱਖਾਂ ਦੀ ਪਜਾਰੀ ਸੁਤੰਤ੍ਰਤਾ ਨੂੰ ਚਾਂਦੀ ਦੇ ਬਦਲੇ ਵੇਚ ਰਹੇ ਹਨ!

# ਖੰਡ ਦੂਜਾ

## ੧.

ਉੱਠਿਆ ਦਰਦ ਕਲੇਜੇ ਵਿੱਚੋਂ,
ਨੈਣ ਨੀਰ ਭਰ ਆਏ ।
ਪਤਾ ਨਹੀਂ ਬੈਠੇ ਹੀ ਬੈਠੇ,
ਯਾਦ ਕਿੱਧਰ ਖਿਚ ਖਾਏ ।

ਹੇ ਵਿਸ਼ਵਾਸ ਘਾਤ ! ਤੇਰੇ ਵਾਸਤੇ ਇਸ ਸੰਸਾਰ ਵਿਚ ਕੁਝ ਵੀ ਅਸੰਭਵ ਨਹੀਂ, ਤੂੰ ਅਸੰਭਵ ਨੂੰ ਵੀ ਸੰਭਵ ਕਰ ਵਿਖਾਂਦਾ ਹੈਂ, ਤੇਰੀ ਮਾਇਆ ਜਾਣੀ ਨਹੀਂ ਜਾਂਦੀ, ਵਿਭੀਖਣ ਬਣਕੇ ਸੋਨੇ ਦੀ ਲੰਕਾ ਦਾ ਤੂੰ ਨਾਸ਼ ਕੀਤਾ, ਜੈ ਚੰਦ ਬਣਕੇ ਹਿੰਦ ਵਿੱਚੋਂ ਹਿੰਦੂ ਰਾਜ ਨੂੰ ਤੂੰ ਮਿਟਾਇਆ, ਤੂੰ ਮੂਰਾ ਬਣਕੇ ਮਹਾਂ ਬਲੀ ਨਿਪੋਲੀਅਨ ਨੂੰ ਸੈਂਟ ਹੇਲਨ ਵਿਚ ਬੰਦ ਕਰਾਇਆ, ਤੂੰ ਇਕ ਯਹੂਦਾ ਅਸਕਰਯੂਤੀ ਦੇ ਰੂਪ ਵਿਚ ਹੋ ਹਜ਼ਰਤ ਈਸਾ ਨੂੰ ਫੜਾਇਆ, ਤੂੰ ਗੰਗੂ ਬ੍ਰਹਮਣ ਦਾ ਰੂਪ ਧਾਰਨ ਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋਨੋਂ ਛੋਟੇ ਲਾਲ ਦੁਲਾਰਿਆਂ ਨੂੰ ਸ਼ੱਤਰੂਆਂ ਦੇ ਹੱਥੋਂ ਦੀਵਾਰ ਵਿਚ ਚਿਣਵਾਇਆ, ਇੱਕ ਪਾਪੀ ਮਿੱਤਰ ਦੀ ਸੂਰਤ ਧਾਰਨ ਕਰ ਤੂੰ ਸਕਾਟ ਲੈਂਡ ਦੇ ਮਹਾਂ ਬਲੀ ਵਿਲੀਅਮ ਵਾਲੇਸ ਨੂੰ ਉਸਦੇ ਵੈਰੀਆਂ ਦੇ ਸ਼ਕੰਜੇ ਵਿਚ ਫਸਾਇਆ, ਕੀ ਇੰਨੇ ਪਾਪ ਕਰਕੇ ਤੇਰਾ ਪੱਥਰ

ਦਿਲ ਅਜੇ ਨਹੀਂ ਪੰਘਰਿਆ ? ਜੋ ਅੱਜ ਤੇਜ ਸਿੰਘ, ਗੁਲਾਬ ਸਿੰਘ, ਲਾਲ ਸਿੰਘ ਦੀ ਸ਼ਕਲ ਧਾਰਨ ਕਰ ਸਿਖ ਰਾਜ ਦੇ ਮਿਟਾਣ ਲਈ ਤਤਪਰ ਹੋ ਗਿਆ ਹੈਂ? ਵੇਖਣਾ, "ਵਾਹਿਗੁਰੂ ਜੀ ਦਾ ਖਾਲਸਾ" ਨਿਸ਼ਕਪਟ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਮਤ ਨਿਰਛਲ ਹੈ, ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ:-

ਮਨ ਅਪਨੇ ਤੇ ਬੁਰਾ ਮਿਟਾਨਾ ।
ਪੇਖੈ ਸਗਲ ਸ੍ਰਿਸਟ ਸਾਜਨਾ ॥

ਦੀ ਧਾਰਨਾ ਦੇ ਧਾਰਨੀ ਹਨ, ਇਨ੍ਹਾਂ ਨਾਲ ਧ੍ਰੋਹ ਨਾ ਕਰਨਾ, ਇਨ੍ਹਾਂ ਨੂੰ ਦਗ਼ਾ ਨਾ ਦੇਣਾ, ਵਿਸਾਹ ਦੇਕੇ ਇਨ੍ਹਾਂ ਦੇ ਖ਼ੂਨ ਨਾਲ ਹੱਥ ਨਾਂ ਰੰਗਣੇ, ਤੇ ਖਾਲਸੇ ਦੀ ਚੰਨ ਦੇ ਚਾਨਣੇ ਨਾਲੋਂ ਚਿੱਟੀ ਕੀਰਤੀ ਨੂੰ ਦਾਗ਼ ਨਹੀਂ ਲਾਣਾ, ਨਹੀਂ ਤਾਂ ਇਨ੍ਹਾਂ ਧਰਮ ਮੂਰਤ ਸਿੱਖਾਂ ਦੇ ਨਾਲ ਕੀਤੇ ਵਿਸ਼ਵਾਸ ਘਾਤ ਦਾ ਕੋਈ ਕੁਫਾਰਾ ਤੇ ਕੋਈ ਪ੍ਰਾਸ਼ਚਤ ਨਹੀਂ ਹੋ ਸਕੇਗਾ।

ਹਾਂ! ਰਣ ਦਾ ਡੌਰੂ ਵੱਜਾ, ਲਾਹੌਰ ਦਰਬਾਰ ਤੇ ਅੰਗ੍ਰੇਜ਼ ਸੈਨਾਂ ਵਿਚ ਲੜਾਈ ਠਣ ਗਈ, ਸਿੱਖਾਂ ਦੀ ਸੈਨਾਂ ਨੇ ਲਾਲ ਸਿੰਘ ਵਜ਼ੀਰ ਤੇ ਤੇਜਾ ਸਿੰਘ ਲਸ਼ਕਰੀ ਦੇ ਨਾਲ ਕੂਚ ਕੀਤਾ, ਸਿੱਖ ੧੨ ਦਸੰਬਰ ੧੮੪੫ ਈਸਵੀ ਨੂੰ ਕਸੂਰ ਦੇ ਰਾਹ ਭੇਰੋ ਕੇ ਪੱਤਣੋਂ ਸਤਲੁਜ ਦਰਯਾ ਤੋਂ ਪਾਰ ਉਤਰੇ, ਕਿੰਤੂ ਇਨ੍ਹਾਂ ਝੱਟ ਪੱਟ ਬਸੀਨ ਤੇ ਹਮਲਾ ਨਹੀਂ ਕੀਤਾ, ੧੬ ਤ੍ਰੀਕ ਤੱਕ ਤੋਪਾਂ ਨੂੰ ਦਰਯਾ ਤੋਂ ਪਾਰ ਲੈ ਜਾਣ ਵਿਚ ਲੱਗੇ ਰਹੇ, ਜਨਰਲ ਵੇਲਰ ਖਬਰ ਪੁਜਦੇ ਹੀ ੧੪ ਨੂੰ ਸੈਨਾਂ ਸਮੇਤ ਬਸੀਨ ਆ ਗਿਆ, ੧੬ ਨੂੰ ਜਨਰਲ ਗਫ ਵੀ ਅੰਬਾਲੇ ਤੋਂ ਆ ਪੁੱਜਾ, ਜੇ ਕਦੀ ਸਿੱਖ ਦਰਯਾ ਲੰਘ ਦੇ ਹੀ ਬਸੀਨ ਤੇ ਹਮਲਾ

ਕਰ ਦੇਂਦੇ, ਤਦ ਲੜਾਈ ਦਾ ਬਹੁਤ ਸਾਰਾ ਸਾਮਾਨ ਉਹਨਾਂ ਦੇ ਹੱਥ ਆ ਜਾਂਦਾ ਤੇ ਫੀਰੋਜ਼ ਪੁਰ ਸ਼ੈਹਰ ਵੀ ਆਸਾਨੀ ਨਾਲ ਫਤਹ ਹੋ ਜਾਂਦਾ।

ਲਾਲ ਸਿੰਘ ਵਜ਼ੀਰ ਤੇ ਤੇਜਾ ਸਿੰਘ ਲਸ਼ਕਰੀ ਜਿਨ੍ਹਾਂ ਦੇ ਹੱਥ ਵਿਚ ਫੌਜ ਦੀ ਕਮਾਨ ਸੀ, ਅੰਗ੍ਰੇਜ਼ ਅਫਸਰਾਂ ਨੂੰ ਆਪਣੀ ਵਫਾਦਾਰੀ ਦਾ ਯਕੀਨ ਬਰਾਬਰ ਦਵਾ ਰਹੇ ਸਨ। ਠੀਕ ਉਸ ਵੇਲੇ ਜਦ ਕਿ ਦੋਨਾਂ ਦਲਾਂ ਵਿਚ ਲੜਾਈ ਦਾ ਏਲਾਨ ਹੋ ਚੁੱਕਾ ਸੀ, ਲਾਲ ਸਿੰਘ ਨੇ ਅੰਗ੍ਰੇਜ਼ ਏਜੰਟ ਨਿਕੋਲਸਨ ਨੂੰ ਇਕ ਚਿੱਠੀ ਭੇਜੀ* ਜਿਸ ਵਿਚ ਲਿਖਯਾ ਕਿ:—

"ਆਪ ਨੂੰ ਮਲੂਮ ਹੈ ਕਿ ਮੈਂ ਅੰਗ੍ਰੇਜ਼ਾਂ ਦਾ ਮਿੱਤਰ† ਹਾਂ, ਦੱਸੋ ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ ?"

ਨਿਕੋਲਸਨ ਸਾਹਿਬ ਨੇ ਲਿਖਯਾ ਕਿ:—

"ਜਦ ਤਕ ਤੁਸੀ ਅੰਗ੍ਰੇਜ਼ਾਂ ਦੇ ਮਿੱਤਰ ਹੋ ਤਦੋਂ ਤੱਕ ਫੀਰੋਜ਼ ਪੁਰ ਤੇ ਹਮਲਾ ਨਾ ਕਰੋ, ਤੇ ਜਿੱਕੁਣ ਹੋ ਸਕੇ ਆਪਣੀ ਸੈਨਾਂ ਨੂੰ ਗਵਰਨਰ ਜਨਰਲ ਦੇ ਸਾਹਮਣੇ ਲੈ ਜਾਓ।"

ਲਾਲ ਸਿੰਘ ਦੀ ਅੰਗ੍ਰੇਜ਼ ਏਜੰਟ ਨਾਲ ਇਉਂ ਗੱਲ ਬਾਤ ਹੋ ਰਹੀ ਸੀ, ਦੂਜੇ ਪਾਸੇ ਸਿੱਖ ਸੈਨਾਂ ਵਿਚਾਰ ਰਹੀ ਸੀ

---

* ਕਨਿੰਘਮ ਸਾਹਿਬ ਲਿਖਦੇ ਹਨ ਕਿ ਤੇਜਾ ਸਿੰਘ ਵੀ ਅੰਗ੍ਰੇਜ਼ਾਂ ਨੂੰ ਆਪਣੀ ਦੋਸਤੀ ਦਾ ਭਰੋਸਾ ਦਵਾ ਰਿਹਾ ਸੀ। ਵੇਖੋ ਪੰਨਾ ੩੦੬

† ਸਿ. ਹਿ. ਪ. ਪੰਨਾ ੧੯੪

ਕਿ ਕਿਸ ਜਗ੍ਹਾ ਤੇ ਹਮਲਾ ਕੀਤਾ ਜਾਏ ? ਫੈਸਲਾ ਹੋਇਆ ਕਿ ਫੀਰੋਜ਼ ਪੁਰ ਸ਼ੈਹਰ ਤੇ ਹਮਲਾ ਕਰਨਾ ਚਾਹੀਦਾ ਹੈ, ਕਿਉਂਕਿ ਉਥੇ ਫੌਜ ਥੋੜੀ ਤੇ ਲੜਾਈ ਦਾ ਸਾਮਾਨ ਜ਼ਿਆਦਾ ਹੈ, ਜੇ ਕਦੀ ਫੀਰੋਜ਼ਪੁਰ ਤੇ ਹੱਲਾ ਬੋਲਿਆ ਜਾਏ ਤਦ ਫਿਰ ਕਿਸੇ ਜਗ੍ਹਾ ਤੇ ਅੰਗ੍ਰੇਜ਼ਾਂ ਦੇ ਪੈਰ ਨਹੀਂ ਜਮ ਸਕਣਗੇ। ਜਦ ਇਹ ਖਬਰ ਲਾਲ ਸਿੰਘ ਦੇ ਕੰਨਾਂ ਵਿਚ ਅੱਪੜੀ, ਉਹ ਇਕ ਮਿੰਟ ਲਈ ਬਹੁਤ ਘਬਰਾਇਆ। ਇਕ ਪਾਸੇ ਅੰਗ੍ਰੇਜ਼ ਏਜੰਟ ਦਾ ਹੁਕਮ ਤੇ ਦੂਜੇ ਪਾਸੇ ਠੀਕ ਓਸਦੇ ਉਲਟ ਫੌਜ ਦੀ ਮਨਸ਼ਾ ਨੇ ਉਸਦੇ ਅੰਦਰ ਇੱਕ ਤਰਾਂ ਨਾਲ ਕੌਤੂਹਲ ਮਚਾ ਦਿਤਾ, ਕਿੰਤੂ ਉਸਨੇ ਝੱਟ ਬੜੇ ਜੋਸ਼ੀਲੇ ਲਫਜ਼ਾਂ ਵਿੱਚ ਸਿੱਖ ਸੈਨਾਂ ਨੂੰ ਸੰਬੋਧਨ ਕਰਕੇ ਕਿਹਾ ਕਿ:—

"ਮੈਂ ਅੰਗ੍ਰੇਜ਼ਾਂ ਦੇ ਪ੍ਰਧਾਨ ਸੈਨਾਪਤਿ ਤੋਂ ਸਿਵਾਏ ਹੋਰ ਕਿਸੇ ਨਾਲ ਲੜਨਾਂ ਆਪਣੀ ਬੇਇਜ਼ਤੀ ਸਮਝਦਾ ਹਾਂ"

ਫਿਰ ਇਹ ਵੀ ਦਸਿਆ ਕਿ:—

"ਜਿਨਾਂ ਚਿਰ ਗਵਰਨਰ ਜਨਰਲ ਨਿਹੱਥੇ ਜਾਂ ਕੈਦੀ ਨਾ ਹੋਣਗੇ ਤੇ ਜਿਨਾਂ ਚਿਰ ਅੰਗ੍ਰੇਜ਼ ਸੈਨਾਂ ਦੇ ਮੁਖੀ ਅਧੀਨ ਨਾ ਹੋ ਜਾਣ ਤਦ ਤਕ ਹੋਰਨਾਂ ਥਾਵਾਂ ਤੇ ਹਮਲਾ ਕਰਨ ਦਾ ਲਾਭ ਨਹੀਂ।" ਸਰਲ ਹਿਰਦੇ ਵਾਲੀ ਸਿੱਖ ਸੈਨਾਂ ਆਪਣੇ ਸੈਨਾਪਤਿ ਦੇ ਇਸ ਕਪਟ ਨੂੰ ਸਮਝ ਨਾ ਸਕੀ, ਉਹ ਇਸਦੇ ਅਧੀਨ ਹੋ ਜਿੱਧਰ ਇਸ ਨੇ ਹੁਕਮ ਦਿੱਤਾ ਉਧਰ ਹੀ ਟੁਰ ਪਈ।

ਸਿੱਖ ਸੈਨਾਂ ਨੇ ਜੋ ਰਾਜਾ ਲਾਲ ਸਿੰਘ ਦੀ ਕਮਾਨ ਵਿਚ ਸੀ, ਉਹਨਾਂ ਖੂਹਾਂ ਤੇ ਕਬਜ਼ਾ ਕਰ ਲਿਆ, ਜੋ ਫੀਰੋਜ਼ਸ਼ਾਹ ਦੇ ਲਾਗੇ ਸਨ। ਇਥੇ ਨਾ ਕਮਸਰੇਟ ਦਾ ਪ੍ਰਬੰਧ ਤੇ ਨਾ ਪਾਣੀ

ਸੀ, ਚਾਰੇ ਪਾਸੇ ਰੇਤ ਹੀ ਰੇਤ ਸੀ, ਸਿੱਖਾਂ ਨੇ ਉਤਰਦੇ ਹੀ ਮੋਰਚੇ ਬਨਾਣੇ ਸ਼ੁਰੂ ਕਰ ਦਿਤੇ। ਹਰ ਨਿੱਕੇ ਤੋਂ ਨਿੱਕਾ ਤੇ ਵਡੇ ਤੋਂ ਵਡਾ ਕੰਮ ਸਿੱਖ ਆਪਣੇ ਹੱਥਾਂ ਨਾਲ ਦਿਲੀ ਹੁੱਬ ਤੋਂ ਕਰ ਰਹੇ ਸਨ, ਇਨ੍ਹਾਂ ਦੀ ਸਿਪਾਹੀ ਨੌਕਰਾਂ ਵਾਂਙ ਆਕੜ ਨਹੀਂ ਸੀ, ਸਗੋਂ ਕੁਲੀਆਂ ਤੇ ਮਜ਼ੂਰਾਂ ਤਕ ਦੇ ਕੰਮ ਆਪਣੀ ਹਥੀਂ ਕੀਤੇ, ਐਥੋਂ ਤਕ ਕਿ ਤੋਪਾਂ ਦਾ ਗਡਿਆਂ ਤੇ ਲਦਣਾ, ਤੇ ਬਲਦਾਂ ਦੀ ਜਗਾ ਅੱਗੇ ਹੋ ਖਿੱਚਣ ਤੱਕ ਤੋਂ ਪਿਛੇ ਨਹੀਂ ਹਟੇ, ਦੇਸ਼ ਦੀ ਸੁਤੰਤ੍ਰਤਾ ਨੂੰ ਕਾਇਮ ਰਖਣ ਲਈ ਪਾਣੀ ਦੀ ਜਗ੍ਹਾ ਖ਼ੂਨ ਵੀਟਣ ਲਗੇ, ਕਿੰਤੂ ਉਹਨਾਂ ਨੂੰ ਆਪਣੇ ਸੈਨਾਂ ਪਤੀਆਂ ਦੇ ਦਗ਼ੇ ਦੀ ਕੀ ਖਬਰ ਸੀ ਕਿ ਇਹ ਜੰਗ ਓਹਨਾਂ ਨੇ ਇਨ੍ਹਾਂ ਨੂੰ ਤਬਾਹ ਕਰਨ ਤੇ ਆਪਣੀ ਸਵਾਰਥ ਪੂਰਤੀ ਲਈ ਛੇੜੀ ਹੈ।

ਸਿੱਖਾਂ ਦੀ ਇਕ ਫੌਜ ਤੇਜ ਸਿੰਘ ਦੀ ਕਮਾਨ ਹੇਠ ਫੀਰੋਜ਼ ਪੁਰ ਵਲ ਮੂੰਹ ਕਰਕੇ ਬੈਠੀ ਅੰਗ੍ਰੇਜ਼ੀ ਸੈਨਾਂ ਵਲ ਤਕਦੀ ਰਹੀ। ੧੭ ਨਵੰਬਰ ੧੮੪੫ ਨੂੰ ਜੰਗ ਦਾ ਏਲਾਨ ਹੋਇਆ, ੧੧ ਦਸੰਬਰ ਨੂੰ ਸਿੱਖ ਸੈਨਾਂ ਸਤਲੁਜੋਂ ਉਤਰੀ ਤੇ ੧੬ ਨੂੰ ਉਸ ਨੇ ਆਪਣੇ ਅਪੜਨ ਦੀ ਖਬਰ ਅੰਗ੍ਰੇਜ਼ਾਂ ਨੂੰ ਦਿਤੀ। ਅੱਗੋ ਅੰਗ੍ਰੇਜ਼ ਵੀ ਬੇ ਖਬਰੀ ਵਿਚ ਨਹੀਂ ਸਨ, ਓਹਨਾਂ ਵੀ ਸੈਨਾਂ ਇਕੱਠੀ ਕਰ ਰਖੀ ਸੀ, ਤੇ ਫੌਜ ਦੀ ਕਮਾਨ ਮਸ਼ਹੂਰ ਯੋਧੇ ਡਿਉਕ ਆਫ ਵਿਲਿੰਗਟਨ—ਜਿਸਨੇ ਵਾਟਰਲੂ ਦੇ ਮੈਦਾਨ ਵਿਚ ਮਹਾਂ ਬਲੀ ਨਿਪੋਲੀਅਨ ਬੋਨਾ-ਪਾਰਟ ਦੇ ਟਾਕਰੇ ਤੇ ਇੱਜ਼ਤ ਪਾਈ ਸੀ—ਦੇ ਹਥ ਦੇ ਰਖੀ ਸੀ, ਅੰਗ੍ਰੇਜ਼ਾਂ ਦੀ ਫੌਜ ਜੋ ਬਸੀਨ ਵਿਚ ਸੀ ਓਹ ੧੮ ਦਸੰਬਰ ਨੂੰ ਫੀਰੋਜ਼ ਪੁਰ ਵਲ ਵਧੀ ਤੇ ਦਿਨ ਦੇ ਇਕ ਬਜੇ ਉਸਨੇ ਮੁਦਕੀ

ਜਾਕੇ ਕਮਰ ਖੋਹਲੀ, ਇਹ ਪਤਾ ਲੱਗਣ ਤੇ ਕਿ ਲਾਲ ਸਿੰਘ ਦੀ ਫੌਜ ਇਥੋਂ ਤਿੰਨ ਮੀਲ ਤੇ ਹੈ ਅੰਗ੍ਰੇਜ਼ੀ ਸੈਨਾ ਨੇ ਮੁਦਕੀ ਵਲ ਜੋ ਫੀਰੋਜ਼ ਪੁਰ ਤੋਂ ੨੦ ਮੀਲ ਦੀ ਵਿਥ ਤੇ ਹੈ ਕੂਚ ਕੀਤਾ।

ਲੜਾਈ ਦੀ ਜਗਾ ਨਿਰਾ ਸਾਫ ਮੈਦਾਨ ਸੀ, ਐਵੇਂ ਨਾਮ ਮਾਤਰ ਕਿਤੇ ਕਿਤੇ ਦਰਖ਼ਤਾਂ ਦਾ ਘਣਾ ਜੰਗਲ ਤੇ ਕਿਤੇ ਕਿਤੇ ਰੇਤ ਦੇ ਟਿੱਬੇ ਸਨ, ਅੰਗ੍ਰੇਜ਼ ਸੈਨਾਂ ਵਿਚ ੧੧ ਹਜ਼ਾਰ ਸਿਪਾਹੀ ਤੇ ੪੨ ਘੋੜਿਆਂ ਵਾਲੀਆਂ ਤੋਪਾਂ ਸਨ, ਸਿੱਖਾਂ ਦੀ ਗਿਣਤੀ ਦ ਅਟਾ ਸਟਾ ੨੦੦੦ ਪੈਦਲ, ੧੦੦੦੦ ਸਵਾਰ ਤੇ ੨੨ ਤੋਪਾਂ ਸਨ। ਅੰਗ੍ਰੇਜ਼ਾਂ ਨੇ ਇਕ ਰਸਾਲਾ ਤੇ ਘੋੜ ਚੜ੍ਹੇ ਤੋਪਖਾਨੇ ਦੇ ੫ ਤੁਰਪਾਂ ਨੂੰ ਅਗੇ ਵਧਣ ਦਾ ਹੁਕਮ ਦਿੱਤਾ, ਜਿਸਨੇ ਅੱਗੇ ਵਧਦੇ ਹੀ ਸਿੱਖਾਂ ਦੀ ਪਲਟਨ ਤੇ ਵਾਰ ਸ਼ੁਰੂ ਕਰ ਦਿਤਾ, ਉੱਤਰ ਵਿੱਚ ਸਿੱਖਾਂ ਵੱਲੋਂ ਵੀ ਅੱਗ ਵਸਣ ਲਗੀ। ਸਰ ਜਨਰਲ ਗਫ ਨੇ ਕੁਝ ਫੌਜ ਸਿੱਖਾਂ ਦੇ ਉਲਟੇ ਬਾਜ਼ੂ ਤੇ ਹਮਲਾ ਕਰਨ ਲਈ ਭੇਜੀ ਤੇ ਕੁਝ ਸਿਧੇ ਬਾਜ਼ੂ ਤੇ, ਘਮਸਾਣ ਦਾ ਯੁਧ ਮਚਿਆ, ਇਕ ਪਾਸੇ 'ਅਜਿੱਤ' ਸਿੰਘ ਸੂਰਮੇ ਸਨ, ਦੂਜੇ ਪਾਸੇ ਤੋਪ ਦੇ ਧਨੀ ਅੰਗ੍ਰੇਜ਼, ਦੋਹਾਂ ਪਾਸਿਆਂ ਤੋਂ ਕੌਮੀ ਸ਼ਾਨ ਤੇ ਆਨ ਨੂੰ ਕਾਇਮ ਰੱਖਣ ਦੇ ਵਲ-ਵਲਿਆਂ ਨਾਲ ਭਰੇ ਹੋਏ ਜਵਾਨ ਵਧ ਵਧ ਕੇ ਵਾਰ ਕਰਦੇ ਸਨ। ਦੋਵੇਂ ਫੌਜਾਂ ਬੜੀ ਜਵਾਂ ਮਰਦੀ ਤੇ ਬੜੀ ਬੇ ਜਿਗਰੀ ਨਾਲ ਲੜੀਆਂ, ਯੋਧੇ ਗਾਜਰ ਮੂਲੀ ਵਾਂਗ ਕਟੀਣ ਲਗੇ, ਵੇਖਦੇ ਵੇਖਦੇ ਖ਼ੂਨ ਦੀ ਨਦੀ ਵਗ ਟੁਰੀ।

ਲਾਲ ਸਿੰਘ ਘਮਸਾਨ ਦੇ ਮੱਚੇ ਯੁੱਧ ਵਿਚੋਂ ੪੦੦੦ ਸੈਨਾਂ ਨੂੰ—ਜੋ ਡੋਗਰੇ ਤੇ ਮੁਸਲਮਾਨ ਸੀ—ਜਿਨਾਂ ਵਿਚੋ

ਕਾਰਨ ਦੇ ਨਾਲ ਲੈਕੇ ਨੱਸ ਪਿਆ,* ਲਾਲ ਸਿੰਘ ਦੇ ਪਿਛੇ ਹੀ ਬਖਸ਼ੀ ਘਨੀਜਾ ਲਾਲ, ਅਜੁੱਧਿਆ ਪ੍ਰਸ਼ਾਦ, ਅਮਰਨਾਥ ਆਦਿਕ ਹੋਰ ਵੀ ਕਈ ਵਡੇ ਅਫਸਰ ਭਜ ਪਏ, ਸਰਦਾਰ ਰੈਹਤ, ਆਗੂ ਹੀਨ ਸਿਖ ਫੌਜ ਨੇ ਬੜੀ ਦਿਲਾਵਰੀ ਨਾਲ ਜੰਗ ਜਾਰੀ ਰਖਯਾ। ਭਾਂਵੇਂ ਕਾਬਲ ਦੇ ਜੰਗ ਵਿਚ ਅੰਗ੍ਰੇਜ਼ ਸਿਖ ਸੈਨਾਂ ਦੇ ਬਾਹੂ ਬਲ ਨੂੰ ਵੇਖ ਚੁਕੇ ਸਨ, ਕਿੰਤੂ ਜੋ ਬੀਰਤਾ ਅੱਜ ਖਾਲਸੇ ਨੇ ਵਿਖਾਈ, ਉਸ ਨੂੰ ਵੇਖ ਅੰਗ੍ਰੇਜ਼ ਸੈਨਾਂ ਪਤੀ ਚਕ੍ਰਿਤ ਰੈਹ ਗਏ, ਅੰਗ੍ਰੇਜ਼ ਸੈਨਾਂ ਘਬਰਾਹਟ ਵਿਚ ਪੈ ਆਪਣੀ ਸੈਨਾਂ ਤੇ ਹੀ ਗੋਲੀ ਚਲਾਣੀ ਸ਼ੁਰੂ ਕਰ ਦਿਤੀ, ਅੰਗ੍ਰੇਜ਼ ਸੈਨਾਂ ਦਾ ਹੌਸਲਾ ਵਧਾਣ ਲਈ ਆਪ ਲਾਰਡ ਹਾਰਡਿੰਗ ਤੇ ਕਮਾਂਡਰ ਇਨਚੀਫ ਫੌਜ ਵਿਚ ਫਿਰ ਰਹੇ ਸਨ, ਕਿੰਤੂ ਸਿਖ ਸੈਨਾਂ ਦੇ ਅਫਸਰ ਠੀਕ ਜਿੱਤ ਹੋਣ ਸਮੇਂ ਨਸ ਗਏ ਸੀ, ਅਜੇਹੀ ਦਸ਼ਾ ਵਿਚ ਸਰਦਾਰ ਹੀਨ ਫੌਜ ਕਦ ਤਕ ਲੜ ਸਕਦੀ ਸੀ, ਸਿੱਖ ਸੈਨਾਂ ਪਿਛੇ ਹਟਣ ਲਗੀ ਤੇ ੨॥ ਕੋਹ ਤਕ ਪਿਛੇ ਮੁੜਦੀ ਬੜੀ ਸੂਰਮਤਾ ਵਖਾਂਦੀ ਰਹੀ। ਸੰਧਿਆ ਹੋ ਗਈ ਤੇ ਹਨੇਰੇ ਨੇ ਆਪਣਾ ਪਰਦਾ ਪਾ ਦਿਤਾ। ਅੰਗ੍ਰੇਜ਼ਾਂ ਦੀ ਫੌਜ ਵਿਚੋਂ ੧੬ ਅਫਸਰ ਤੇ ੨੦੦ ਸ਼ਪਾਹੀ ਮਾਰੇ ਗਏ, ੪੮ ਅਫਸਰ ਤੇ ੬੦੯ ਆਦਮੀ ਫਟੜ ਹੋਏ, ਸਰ ਰਾਬਰਟ ਸੀਲ ਜਿਨਾਂ ਨੇ ਜਲਾਲਾ ਬਾਦ ਫਤਹ ਕੀਤਾ ਸੀ, ਸਖ਼ਤ ਜ਼ਖਮੀ ਹੋਏ। "ਤਸਖੀਰੇ ਪੰਜਾਬ" ਦੇ ਲੇਖਕ ਦਾ ਖਿਆਲ ਹੈ ਕਿ " ਜੇ ਕਦੀ ਲੜਾਈ ਜ਼ਰਾ ਸਵੇਰੇ ਸ਼ੁਰੂ ਹੋਂਦੀ ਤਦ ਅੰਗ੍ਰੇਜ਼ ਜ਼ਰੂਰ ਫਤਹ ਮੰਦ ਰੈਂਹਦੇ, ਤਦ ਵੀ ਉਨ੍ਹਾਂ ਦੇ ਹੱਥ ਸਿੱਖਾਂ ਦੀਆਂ

---

*ਫੀਰੋਜ਼ ਦੀਨ ਪੰਨਾ ੧੯੪

੨੦ ਤੋਪਾਂ ਆਈਆਂ "

ਸਿੱਖ ਫੌਜ ਦੇ ਕਿੰਨੇ ਆਦਮੀ ਮੋਏ ਤੇ ਕਿੰਨੇ ਫਟੜ ਹੋਏ, ਇਹ ਕੌਣ ਵੇਖਦਾ! ਸਿਖ ਫੌਜ ਦਾ ਤਾਂ ਕੋਈ ਮਾਲਕ ਸੀ ਹੀ ਨਹੀਂ, ਲਾਲ ਸਿੰਘ ਵਜ਼ੀਰ ਨੱਠਾ ਹੋਇਆ ਦੂਜੇ ਦਿਨ ਮੁੜ ਫੌਜ ਵਿਚ ਆਇਆ, ਇਸੇ ਤਰਾਂ ਅਮਰਨਾਥ ਆਦਿ ਨੱਠੇ ਹੋਏ ਤੀਜੇ ਦਿਨ ਆਏ, ਇਸਤਰਾਂ ਨਾਲ ਨਿਮਕ ਹਰਾਮ ਤੇ ਦਗਾਬਾਜ ਤੇਜ ਸਿੰਘ ਤੇ ਰਾਜਾ ਲਾਲ ਸਿੰਘ ਨੇ ਆਪਣੀ ਕਮੀਨਾ ਚਾਲ ਦੇ ਨਾਲ ਮੁਦਕੀ ਦੇ ਯੁਧ ਨੂੰ ਮੁਕਾਇਆਂ।

## ੨.

ਸੈਨਾਂ ਪਤੀ ਪਿੱਠ ਦੇ ਜਾਏ,
ਰਣ ਵਿਚ ਫੌਜ ਲੜਾਏ ਕੌਣ ?
ਭਾਜੜ ਪਾਣ ਜੋ ਆਪ ਲਸ਼ਕਰੀ,
ਉਹਨਾਂ ਫਤਹ ਦਵਾਏ ਕੌਣ ?

ਮੁਦਕੀ ਤੇ ਫੀਰੋਜ਼ ਪੁਰ ਦੇ ਮਧ ਵਿਚ ਫੇਰੂ ਸ਼ੈਹਰ ਹੈ, ਇਥੋਂ ਮੁਦਕੀ ਤੋਂ ਫੀਰੋਜ਼ ਪੁਰ ਦਸ ਦਸ ਮੀਲ ਹਨ, ਸਰ ਜਾਨ ਲਿਟਲਰ ਇਸ ਮੁਕਾਮ ਤੇ ਘੋੜੇ ਦੀ ਖੁਰੀ ਦੀ ਸ਼ਕਲ ਵਿਚ ਸੈਨਾਂ ਬਣਾਈ ਬੈਠਾ ਸੀ, ਮੁਦਕੀ ਵਾਲੀ ਅੰਗ੍ਰੇਜ਼ੀ ਸੈਨਾਂ ਨੇ ਸਿਖਾਂ ਤੇ ਹੋਰ ਹਮਲਾ ਕਰਨ ਤੋਂ ਪਹਿਲਾਂ ਇਸ ਸੈਨਾਂ ਨਾਲ ਮਿਲਨਾ ਅ[illegible] ਸਮ[illegible] ਸੋ ਉਸਦਾ ਕੂਚ ਕਿ[illegible] ਇਥੇ ਆ ਗਿਆ, [illegible] ਦਾ ਮੁ[illegible]ਮ ਇਥੋਂ ਤਿੰਨ ਮੀਲ ਦੀ

ਵਾਟ ਤੇ ਸੀ, ਸਿੱਖਾਂ ਦਾ ਮੋਰਚਾ ਇਕ ਮੀਲ ਲੰਮਾਂ ਅੱਧ ਮੀਲ ਚੌੜਾ ਸੀ।

ਹਿੰਦ ਦੇ ਵਾਇਸਰਾਏ ਲਾਰਡ ਹਾਰਡਿੰਗ ਅੰਗ੍ਰੇਜ਼ ਸੈਨਾਂ ਦਾ ਹੌਸਲਾ ਵਧਾਣ ਲਈ ਆਪ ਇਸ ਸਮੇਂ ਫੌਜ ਵਿਚ ਆ ਸ਼ਾਮਲ ਹੋਏ, ਇਨ੍ਹਾਂ ਆਪਣੀ ਮਰਜ਼ੀ ਅਨੁਸਾਰ ਲਾਰਡ ਗਫ ਦੇ ਮਾਤੈਹਤ ਐਸਿਸਟੈਂਟ ਸੈਨਾਂ ਪਤੀ ਹੋਣਾ ਪ੍ਰਵ ਨ ਕੀਤਾ, ਅੰਗ੍ਰੇਜ਼ਾਂ ਨੇ ਫੌਜ ਦੇ ਤਿੰਨ ਦਸਤੇ ਕੀਤੇ ਤੇ ਤਿਨਾਂ ਨੂੰ ਜਨਰਲ ਗਿਲਬਰਟ ਸਰ ਜਾਨ ਲਿਟਲਰ ਤੇ ਬਰਗੇਡੀਆਰ ਜਨਰਲ ਹੇਰੀ ਸਮਿਥ ਦੇ ਅਧੀਨ ਕਰਕੇ ਸਿਧੀ ਕਤਾਰ ਵਿਚ ਖੜਾ ਕੀਤਾ, ਉਹਨਾਂ ਦੇ ਵਿਚਕਾਰ ਤੋਪਖ਼ਾਨੇ ਨੂੰ ਰਖਿਆ, ਇਨ੍ਹਾਂ ਸਾਰਿਆਂ ਦੀ ਰੱਖ਼ਯਾ ਲਈ ਇਕ ਘੋੜ ਚੜ੍ਹਿਆ ਤੋਪਖਾਨਾ ਇਨ੍ਹਾਂ ਦੀ ਪਿੱਠ ਪਿੱਛੇ ਨੀਯਤ ਕੀਤਾ, ਦੂਜੀ ਕਤਾਰ ਵਿਚ ਰਸਾਲੇ ਤੇ ਵਾਧੂ ਫੌਜ ਸਰ ਹਰ ਗਫ਼ ਦੀ ਕਮਾਨ ਵਿਚ ਖੜੀ ਕੀਤੀ, ੨੧ ਦਸੰਬਰ ੧੮੪੫ ਨੂੰ ਤੀਜੇ ਪੈਹਰ ਵੇਲੇ ਤੋਪ ਖਾਨਾ ਅਗੇ ਵਧਿਆ ਤੇ ਅੱਗ ਵਸਾਣ ਲੱਗਾ, ਸਿੱਖਾਂ ਵੱਲੋਂ ਉਤਰ ਨਾ ਮਿਲਨ ਤੇ ਸਾਰੀਆਂ ਤੋਪਾਂ ਇਕ ਦਮ ਅੱਗ ਉਗਲਣ ਲਗੀਆਂ, ਜਿਸ ਤੋਂ ਸਿੱਖਾਂ ਵੱਲੋਂ ਵੀ ਉਤਰ ਮਿਲਣ ਲਗਾ।

ਪੈਹਲਾਂ ਅੰਗ੍ਰੇਜ਼ਾਂ ਦੀ ਪੂਰੀ ਪਹਿਲੀ ਕਤਾਰ ਅਗੇ ਵਧੀ ਤੇ ਤੋਪਾਂ ਦੀ ਦਨਾਂ ਦਨ ਦੀ ਆਵਾਜ਼ ਨਾਲ ਚਾਰੇ ਪਾਸੇ ਗੂੰਜ ਉਠੇ, ਅਗੇ ਵਧਦੀ ਅੰਗ੍ਰੇਜ਼ੀ ਫੌਜ ਸਿੱਖਾਂ ਦੇ ਮੋਰਚਿਆਂ ਤੋਂ ੩੦੦ ਗਜ਼ ਦੇ ਫਾਸਲੇ ਤੱਕ ਅਪੜ ਗਈ, ਅੰਗ੍ਰੇਜ਼ੀ ਤੋਪ-ਖ਼ਾਨਾ ਭਾਵੇਂ ਹੁਣ ਤਕ ਲਗਾਤਾਰ ਅਗਨੀ ਵਸਾ ਰਿਹਾ ਸੀ ਕਿੰਤੂ ਸਿੱਖਾਂ ਦਾ ਤੋਪਖਾਨਾ ਚੁੱਪ ਨਾ ਹੋਇਆ, ਅੰਗ੍ਰੇਜ਼

ਸੈਨਾਂਪਤੀ ਨੇ ਪੈਦਲ ਪਲਟਨ ਨੂੰ ਅੱਗੇ ਵਧਣ ਦਾ ਹੁਕਮ ਦਿਤਾ ਤੇ ਜਨਰਲ ਲਿਟਲਰ ਦੀ ਫੌਜ ਪਿੰਡ ਵਲ ਅੱਗੇ ਵਧੀ, ਉਸਦੀ ਖ਼ਾਲੀ ਥਾਂ ਨੂੰ ਜਨਰਲ ਵਾਲਸ ਦੀ ਫੌਜ ਨੇ ਪੁਰ ਕਰ ਦਿੱਤਾ, ਮੀਂਹ ਦੀ ਤਰਾਂ ਗੋਲੇ ਗੋਲੀਆਂ ਵਸਦਿਆਂ ਵੀ ਉਹ ਸਿੱਖਾਂ ਦੇ ਮੋਰਚਿਆਂ ਤਕ ਅੱਪੜ ਗਈ, ਕਿੰਤੂ ਖਾਲਸੇ ਦੀਆਂ ਤੋਪਾਂ ਜੋ ਅੱਗ ਉਗਲ ਰਹੀਆਂ ਸਨ ਉਹ ਭੀ ਨਾ ਸਹਾਰੇ ਜਾ ਸਕਣ ਵਾਲੀ ਸੀ, ਉਹਨਾਂ ਦਾ ਕੋਈ ਨਿਸ਼ਾਨਾ ਖ਼ਾਲੀ ਨਹੀਂ ਜਾਂਦਾ ਸੀ, ਅੰਗ੍ਰੇਜ਼ ਸੈਨਾਂ ਨੂੰ ਅੱਜ ਤੱਕ ਕਿਸੇ ਅਜਿਹੀ ਪ੍ਰਬਲ ਸ਼ਕਤੀ ਨਾਲ ਵਾਹ ਨਹੀਂ ਪਿਆ ਸੀ। ਬ੍ਰਿਟਸ਼ ਸੈਨਾਂ ਦਾ ਦਲ ਟੁਟਣ ਲਗਾ, ਖਾਲਸੇ ਦੀ ਤੇਗ਼ ਦਾ ਟਾਕਰਾ ਕਰਨ ਦੀ ਸਮਰੱਥਾ ਨਾ ਵੇਖ ਪਿਛਾਂਹ ਨੂੰ ਹਟ ਪਈ, ਇਸ ਫੌਜ ਦੇ ਪਿਛੇ ਹਟਦਿਆਂ ਹੀ ਸਰ ਹੇਰਿ ਸਮਿਥ ਦਾ ਇਕ ਦਸਤਾ ਅਗੇ ਵਧਿਆ, ਤੇ ਬੜੀ ਬਹਾਦਰੀ ਨਾਲ ਸਿੱਖਾਂ ਦਾ ਮੁਕਾਬਲਾ ਕਰਨ ਲਗਾ। ਇਹ ਹਾਲਤ ਵੇਖ ਜਨਰਲ ਪ੍ਰਨੰਗਲ ਤੇ ਹੇਲਨ ਆਪਣੀ ਸਵਾਰ ਫੌਜ ਨਾਲ ਸਿੱਖਾਂ ਦੀ ਵਧ ਰਹੀ ਫੌਜ ਤੇ ਬਿਜਲੀ ਵਾਂਙ ਆ ਪਏ, ਸਿੱਖਾਂ ਤੋਂ ਛੀ ਤੋਪਾਂ ਖੋਹ ਲਈਆਂ, ਕਿੰਤੂ ਸਿੱਖਾਂ ਦੀ ਇਸ ਪਲਟਨ ਦੇ ਪਿਛੇ ਮਾਨਾਂ ਵਾਲਿਆਂ ਦੀਆਂ ਜੋ ਚਾਰ ਪਲਟਨਾਂ ਖਲੋਤੀਆਂ ਸਨ, ਉਹਨਾਂ ਇੰਨੀ ਜਾਨ ਹੂਲਵੀਂ ਲੜਾਈ ਕੀਤੀ ਕਿ ਅੰਗ੍ਰੇਜ਼ਾਂ ਦੀ ਅੱਗੇ ਵਧਣ ਵਾਲੀ ਸੈਨਾਂ ਨੂੰ ਗੋਲੀਆਂ ਦੀ ਭਰਮਾਰ ਨਾਲ ਪਿਛੇ ਹਟਣ ਲਈ ਮਜਬੂਰ ਕੀਤਾ, ਤੋਪਾਂ ਵੀ ਖੋਹ ਲਈਆਂ ਤੇ ਅਜਿਹੇ ਗੋਲੇ ਮਾਰੇ ਕਿ ਅੰਗ੍ਰੇਜ਼ਾਂ ਦੀਆਂ ਤੋਪਾਂ ਤਖਤਾਂ ਤੋਂ ਡਿੱਗ ਪਈਆਂ, ਅੰਗ੍ਰੇਜ਼ੀ ਬਾਰੂਦ ਦਾ ਢੇਰ ਅੱਗ ਲਗਣ ਨਾਲ ਅਕਾਸ਼ ਤਕ ਅਪੜ ਗਿਆ, ਜਿਸਤੋਂ ਸੈਂਕੜੇ ਜਵਾਨ ਮਾਰੇ ਗਏ।

ਸਿਖਾਂ ਨੇ ਇਸ ਸਾਹਸ,ਉਤਸ਼ਾਹ,ਦ੍ਰਿੜ੍ਹਤਾ ਤੇ ਬਹਾਦਰੀ ਨਾਲ ਤੇਗ ਵਾਹੀ ਕਿ ਹਰ ਵਾਰ ਅੰਗ੍ਰੇਜ਼ੀ ਫੌਜ ਦੇ ਪੈਰ ਉਖੜ ਉਖੜ ਗਏ ਤੇ ਇਹਨਾਂ ਲਈ ਇਕ ਕਦਮ ਵਧਣਾ ਵੀ ਮੁਸ਼ਕਲ ਹੋ ਗਿਆ, ਰਾਤ ਦੇ ਦਸ ਵਜੇ ਤਕ ਘੋਰ ਸੰਗਰਾਮ ਮਚਿਆ ਰਿਹਾ, ਕੁਝ ਤਾਂ ਅੰਗ੍ਰੇਜ਼ੀ ਸੈਨਾਂ ਦੇ ਜਾਨਾਂ ਦੇ ਨੁਕ-ਸਾਨ ਦੀ ਜ਼ਿਆਦਤੀ ਤੇ ਕੁਝ ਫੌਜਾਂ ਦੇ ਖੇਰੂ ਖੇਰੂ ਹੋਣ ਤੇ ਅੰਗ੍ਰੇਜ਼ ਕੈਂਪ ਵਿਚ ਬੜੀ ਚਿੰਤਾ ਉਤਪਨ ਹੋ ਗਈ ਕਿਉਂਕਿ ਕਿਸੇ ਕਰਨੈਲ ਨੂੰ ਵੀ ਪਤਾ ਨਹੀਂ ਸੀ ਕਿ ਉਸਦੀ ਸੈਨਾਂ ਕਿਸ ਦਸ਼ਾ ਵਿਚ ਹੈ ਤੇ ਕਿਥੇ ਹੈ? ਖਾਸ ਕਰ ਜਨਰਲ ਲਿਟਲਰ ਦੀ ਸੈਨਾਂ ਬੇ ਪਤਾ ਰਹੀ।

ਸਰਦੀਆਂ ਦੇ ਦਿਨ ਤੇ ਰਾਤ ਦਾ ਵਕਤ ਸੀ, ਅੰਗ੍ਰੇਜ਼ ਸੈਨਾਂ ਦੇ ਹੱਥ ਪੈਰ ਠੰਢ ਨਾਲ ਸੁੰਨ ਹੋਣ ਲਗੇ, ਅੱਗ ਬਾਲ ਬਾਲ ਕੇ ਸੇਕਣ ਲੱਗੇ, ਸਿੱਖਾਂ ਓਹ ਤੋਪਾਂ ਜੋ ਮੋਰਚਿਆਂ ਤੋਂ ਹਟਾਕੇ ਪਿਛੇ ਲੈ ਗਏ ਸੀ ਫਿਰ ਮੋਰਚਿਆਂ ਵਿਚ ਲਿਆਕੇ ਗੋਲੇ ਵਸਾਣੇ ਸ਼ੁਰੂ ਕਰ ਦਿਤੇ, ਜਿਸ ਤੋਂ ਅੰਗ੍ਰੇਜ਼ੀ ਫੌਜ ਦਾ ਜੋ ੧੫੦ ਗਜ਼ ਦੀ ਵਿਥ ਤੇ ਲੱਥੀ ਹੋਈ ਸੀ ਬਹੁਤ ਨੁਕਸਾਨ ਹੋਣ ਲਗਾ। ਸਰ ਹੈਨਰੀ ਹਾਰਡਿੰਗ ਨੇ ਇਸ ਮੌਕੇ ਤੇ ਆਪ ਆਮ ਸਿਪਾਹੀਆਂ ਵਾਙ ਭੁਖ ਦੇ ਦੁਖ ਤੋਂ ਬੇ ਪਰਵਾਹ ਹੋ ਨੰ: ੧ ਬੰਗਾਲ ਯੂਰਪੀਅਨ ਪਲਟਨ ਨਾਲ ਹਮਲਾ ਕੀਤਾ ਤੇ ਇੰਜ ਜੁਵਾਂ ਮਰਦੀ ਤੇ ਜਾਨ ਹੂਲਵੀਂ ਲੜਾਈ ਕੀਤੀ ਕਿ ਸਿੱਖਾਂ ਦੀਆਂ ਤੋਪਾਂ ਬੰਦ ਕਰਾ ਦਿਤੀਆਂ, ਸਰ ਹੇਰਿ ਸਮਿਥ ਦੀ ਫੌਜ ਨੇ ਰਾਤ ਕੁਝ ਸਮੇਂ ਲਈ ਫੇਰੂ ਸ਼ੈਹਰ ਤੇ ਕਬਜ਼ਾ ਕਰ ਲਿਆ, ਕਿੰਤੂ ਫਿਰ ਕਬਜ਼ਾ ਕਾਇਮ ਨ ਰਖ ਸਕੇ, ਪਿਛੇ ਹਟ ਆਏ। ਅੰਗ੍ਰੇਜ਼ ਸੈਨਾਂ ਵਾਸਤੇ ਇਹ ਦਿਨ ਬੜੀ ਬਿਪਤਾ ਦਾ

ਦਿਨ ਸੀ, ਹਿੰਦੁਸਤਾਨ ਭਰ ਵਿਚ ਕੀ ਸੰਸਾਰ ਭਰ ਦੇ ਕਿਸੇ ਜੰਗ ਵਿਚ ਵੀ ਉਹਨਾਂ ਨੂੰ ਅਜੇਹੀ ਕਰੜੀ ਕੌਮ ਦੇ ਨਾਲ ਟਾਕਰਾ ਕਰਨ ਦਾ ਮੌਕਾ ਨਹੀਂ ਮਿਲਿਆ ਸੀ।

੨੨ ਦਸੰਬਰ ਸਵੇਰ ਨੂੰ ਫਿਰ ਸਿੱਖ ਸੈਨਾਂ ਹਮਲੇ ਲਈ ਤਯਾਰ ਹੋਈ ਤੇ ਪਹਿਲੇ ਦਿਨ ਨਾਲੋਂ ਵਧਕੇ ਰਣ ਛੇਤਰ ਵਿਚ ਅੱਗ ਵਸਣ ਲੱਗੀ, ਦੋਹਾਂ ਧਿਰਾਂ ਨੇ ਲੜਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ, ਅੰਗ੍ਰੇਜ਼ ਸੈਨਾਂ ਫੀਰੋਜ਼ ਪੁਰ ਵੱਲ ਮੁੜਨ ਲੱਗੀ, ਪਹਿਲੀ ਲੜਾਈਆਂ ਵਾਂਗ ਇਸ ਲੜਾਈ ਵਿੱਚ ਵੀ ਸਿਖ ਫੌਜ ਵਿਚ ਕਿਸੇ ਬੇ ਦਿਲੀ ਪ੍ਰਗਟ ਹੋਏ ਤੋਂ ਬਿਨਾਂ ਹੀ ਰਾਜਾ ਤੇਜ ਸਿੰਘ ਮੈਦਾਨ ਵਿੱਚੋਂ ਨੱਸ ਪਿਆ, ਸੈਨਾ ਪਤੀ ਦੀ ਭਾਜੜ ਨੇ ਸਿਖਾਂ ਦੇ ਪੈਰ ਉਖੇੜ ਦਿਤੇ ਤੇ ਭਾਜੜ ਪੈ ਗਈ।

ਅੰਗ੍ਰੇਜ਼ਾਂ ਪਾਸ ਸਾਮਾਨ ਖਤਮ ਹੋ ਚੁਕਾ ਸੀ ਤੇ ਫੌਜ ਦਾ ਇਕ ਹਿਸਾ ਵੀ ਫਰੋਜ਼ ਪੁਰ ਵੱਲ ਟੁਰ ਗਿਆ ਸੀ, ਜੇ ਕਦੀ ਤੇਜਾ ਸਿੰਘ ਇੰਜ ਧ੍ਰੋਹ ਨਾ ਕਰਦਾ ਤਦ ਅੰਗ੍ਰੇਜ਼ ਆਪਣੀ ਸੈਨਾਂ ਦਾ ਹਜ਼ਾਰ ਯਤਨ ਨਾਲ ਵੀ ਬਚਾਉ ਨਾ ਕਰ ਸਕਦੇ।

ਅੰਗ੍ਰੇਜ਼ੀ ਫੌਜ਼ ਉਧਰ ਟੁਰ ਪਈ ਤੇ ਸਿਖ ਫੌਜ਼ ਇਧਰ ਮੁੜ ਪਈ, ਸ੍ਰਦਾਰ ਪਹਾੜਾ ਸਿੰਘ ਜੋ ਫਰੀਦ ਕੋਟ ਦਾ ਸਟੇਟਦ ਵੱਡਾ ਹੋਇਆ ਹੈ, ਅੰਗ੍ਰੇਜ਼ਾਂ ਦਾ ਬੜਾ ਮਿੱਤਰ ਸੀ, ਉਸਨੇ ਬਧਨੀ ਦੇ ਮੁਕਾਮ ਤੇ ਅੰਗ੍ਰੇਜ਼ਾਂ ਨੂੰ ਜਾ ਖਬਰ ਦਿਤੀ ਕਿ ਖਾਲਸਾ ਤਾਂ ਮੈਦਾਨ ਛਡ ਕੇ ਹਰਨ ਹੋ ਗਿਆ ਹੈ, ਤੁਸੀ ਕਿਧਰ ਟੁਰ ਪਏ ਹੋ? ਇਹ ਸੁਣ ਅੰਗ੍ਰੇਜ਼ ਸੈਨਾਂ ਨੇ ਫਿਰ ਮੈਦਾਨ ਆ ਮੱਲਿਆ, ਤੇ ੭੦ ਤੋਪਾਂ ਅੰਗ੍ਰੇਜ਼ਾਂ ਦੇ ਹਥ ਆਈਆਂ, ਪ੍ਰੰਤੂ ਅੰਗ੍ਰੇਜ਼ਾਂ ਦਾ ਇਸ ਜੰਗ ਵਿਚ ਬਹੁਤ ਨੁਕਸਾਨ ਹੋਇਆ, ਖ਼ਾਸ ਕਰ ਅੰਗ੍ਰੇਜ਼

ਅਫਸਰ ਤੇ ਸਪਾਹੀ ਬਹੁਤ ਮੋਏ, ਕਨਿੰਘਮ ਦਾ ਖਿਆਲ ਹੈ ਕਿ ਅੰਗ੍ਰੇਜ਼ੀ ਫੌਜ ਦਾ ਸਤਵਾਂ ਹਿਸਾ ਇਸ ਮੈਦਾਨ ਵਿਚ ਕਟ ਗਿਆ।

ਸਿਖਾਂ ਦਾ ਕਿੰਨਾ ਨੁਕਸਾਨ ਹੋਇਆ? ਇਸ ਗਲ ਦੀ ਕਿਸੇ ਪੜਚੋਲ ਨਹੀਂ ਕੀਤੀ, ਹਾਂ ਹੁਣ ਸਿਖ ਸੈਨਾਂ ਨੂੰ ਪਤਾ ਲਗ ਗਿਆ ਕਿ ਉਨ੍ਹਾਂ ਨੂੰ ਜੋ ਹਾਰਾਂ ਮਿਲ ਰਹੀਆਂ ਹਨ, ਇਨ੍ਹਾਂ ਦੇ ਨਿਮਕ ਹਰਾਮ ਅਫਸਰਾਂ ਦੀ ਬੇ-ਈਮਾਨੀ ਤੋਂ ਮਿਲ ਰਹੀਆਂ ਹਨ। ਰਾਣੀ ਜਿੰਦਾਂ ਨੂੰ ਵੀ ਪਿੱਸੂ ਪੈਗਏ ਕਿ ਜੇ ਸਾਡੀ ਪਾਲਸੀ ਤੋਂ ਸਿੱਖ ਜਾਣੂੰ ਹੋਗਏ ਤਦ ਮੈਨੂੰ ਕਤਲ ਕਰ ਦੇਣਗੇ, ਉਸ ਨੇ ਲਾਹੌਰ ਸ਼ੈਹਰ ਦੇ ਦਰਵਾਜ਼ੇ ਬੰਦ ਕਰਾ ਦਿਤੇ, ਤੇ ਢੰਡੋਰਾ ਫਿਰਾ ਦਿਤਾ ਕਿ ਜੋ ਫੌਜੀ ਨੱਠਾ ਹੋਇਆ ਇਥੇ ਆ ਇਆ ਫੜਿਆ ਜਾਵੇਗਾ।

## ੩.

ਸੂਰਾ ਗੱਨਾ ਬੰਨ੍ਹ ਹੱਥ, ਜਦ ਰਣ ਵਿਚ ਆਵੇ,
ਟੁਕੜੇ ਟੁਕੜੇ ਹੋਏ ਪਿਛੇ ਨਹੀਂ ਪਰਤ ਤਕਾਵੇ।

ਮੁਦਕੀ ਤੇ ਫੇਰੋ ਸ਼ੈਹਰ ਦੀ ਲੜਾਈ ਵਿਚ ਅੰਗ੍ਰੇਜ਼ਾਂ ਨੂੰ ਪਤਾ ਲਗ ਗਿਆ, ਕਿ ਜਿਸ ਕੌਮ ਨਾਲ ਹੁਣ ਵਾਹ ਪਿਆ ਹੈ ਓਹ ਕੋਈ ਸਾਧਾਰਨ ਕੌਮ ਨਹੀਂ ਇਸ ਕਰਕੇ ਦਿੱਲੀ ਆਗਰੇ ਆਦਿਕ ਤੋਂ ਜੰਗੀ ਸਾਮਾਨ ਤੇ ਸਾਰੇ ਹਿੰਦ ਦੇ ਬ੍ਰਿਟਸ਼ ਇਲਾਕੇ ਦੀ ਚੋਣਵੀਂ ਸੈਨਾਂ ਇਕਠੀ ਕਰਨ ਲਗੇ।

੧੭ ਜਨਵਰੀ ਸੰਨ ੧੮੪੬ ਨੂੰ ਮੇਜਰ ਜਨਰਲ ਸਰ ਹੈਰਿ ਸਮਿਥ ਨੂੰ ਧਰਮ ਕੋਟ ਤੇ ਹਮਲਾ ਕਰਨ ਲਈ ਭੇਜਿਆ ਗਿਆ, ਇਥੋਂ ਦੇ ਕਰਮ ਚਾਰੀਆਂ ਬਿਨਾਂ ਖ਼ੂਨ ਵੀਟੇ ਦੇ ਹੀ ਅਧੀਨਤਾ ਸਵੀਕਾਰ ਕਰ ਲਈ, ਇਸ ਤਰਾਂ ਸੈਨਾਂ ਦੇ ਦਲ ਲਈ ਰਸਦ ਆਦਿਕ ਸਾਮਾਨ ਭੇਜਣ ਦੀ ਰਾਹ ਸਾਫ਼ ਹੋ ਗਈ। ਅੰਗ੍ਰੇਜ਼ਾਂ ਦੇ ਜਿੰਨੇ ਸੈਨਾਂ ਦੇ ਦਲ ਤੋਪਾਂ ਤੇ ਰਸਦ ਆਦਿਕ ਫ਼ੀਰੋਜ਼ ਪੁਰ ਵਲ ਜਾ ਰਹੇ ਸੀ, ਹੈਰਿ ਸਮਿਥ ਨੇ ਉਨ੍ਹਾਂ ਦੇ ਵਾਸਤੇ ਦੂਜਾ ਰਾਹ ਫੜਿਆ ਸੀ, ਤਾਂ ਜੋ ਸਿਖ ਸੈਨਾਂ ਦੀ ਨਜ਼ਰੀ ਨਾ ਪੈਣ, ਆਉਣ ਜਾਣ ਵਿਚ ਕੁਝ ਰੁਕਾਵਟ ਵੀ ਪਈ ਸੀ, ਓਹ ਦੂਰ ਕਰਨੀ ਵੀ ਜ਼ਰੂਰੀ ਮਲੂਮ ਹੋਂਦੀ ਸੀ, ਕਿੰਤੂ ਹੈਰਿ ਸਮਿਥ ਨੂੰ ਖਬਰ ਮਿਲੀ ਕਿ ਰਣਜੋਧ ਸਿੰਘ ਸੈਨਾਂ ਲੈਕੇ ਲੁਧਿਆਨੇ ਤੇ ਹਮਲਾ ਕਰਨ ਵਾਲਾ ਹੈ, ਨਾਲ ਹ। ਉਸ ਨੂੰ ਹੁਕਮ ਹੋਇਆ ਕਿ ਇਸ ਅਸਥਾਨ ਨੂੰ ਬਚਾਵੇ, ੨੦ ਜਨਵਰੀ ਨੂੰ ਇਸ ਨੇ ਜਗਰਾਓਂ (ਜੋਕਿ ਇਕ ਵਪਾਰੀ ਅਸਥਾਨ ਸੀ) ਵਿਚ ਛਾਵਣੀ ਪਾਈ, ੧੮੦੫ ਵਿਚ ਹੋਈ ਸੁਲ੍ਹਾ ਦੀਆਂ ਸ਼ਰਤਾਂ ਅਨੁਸਾਰ ਸ੍ਰ: ਫਤੇ ਸਿੰਘ ਆਹਲੂਵਾਲੀਆ ਦੇ ਪੁਤਰ ਜਗਰਾਓਂ ਦੇ ਮਾਲਕ ਹੋਏ ਸਨ, ਉਹਨਾਂ ਨੇ ਇਥੋਂ ਦੇ ਪੱਕੇ ਕਿਲੇ ਨੂੰ ਅੰਗ੍ਰੇਜ਼ਾਂ ਦੇ ਹਵਾਲੇ ਕਰ ਦਿਤਾ। ਇੰਨੇ ਨੂੰ ਪਤਾ ਲਗਾ ਕਿ 'ਲੁਧਿਆਨੇ ਤੋਂ ਕੁਝ ਹੀ ਦੂਰ ਰਣਜੋਧ ਸਿੰਘ ਨੇ ਜਾ ਡੇਰਾ ਲਾਇਆ ਹੈ, ਬਦੋਵਾਲ ਵਿਚ ਉਹਨਾਂ ਦੀ ਬਹੁਤ ਥੋੜੀ ਫ਼ੌਜ ਹੈ, ਜਗਰਾਵਾਂ ਤੋਂ ਬਦੋਵਾਲ ੧੮ ਮੀਲ ਦੂਰ ਸੀ, ਇਸ ਸਮੇਂ ੪ ਦਲ ਪੈਦਲ, ੩ ਦਲ ਘੋੜਚੜੇ, ਅਤੇ ੧੮ ਤੋਪਾਂ ਦੇ ਆ ਮਿਲਣ ਤੋਂ ਅੰਗ੍ਰੇਜ਼ਾਂ ਦੀ ਸੈਨਾਂ ਸ਼ਕਤੀਵਾਨ ਹੋਗਈ, ਇਨਾਂ ਨੇ ਰਾਤ ਦੇ ਸਮੇਂ ਬਦੋਵਾਲ ਵਲ ਕੂਚ ਕੀਤਾ, ਸਰ ਹੈਰਿ

ਸਮਿਥ ਨੇ ਸੋਚਿਆ ਕਿ ਜੇ ਕਦੀ ਓਹ ਸਿਧਾ ਰਾਹ ਛਡਕੇ ਦਖਣ ਵਾਲੇ ਪਾਸਿਓਂ ਡਿੰਗੇ ਰਾਹ ਪੈ ਜਾਣ ਤਦ ਸਿਖ ਸੈਨਾਂ ਉਹਨਾਂ ਤੋਂ ਤਿੰਨ ਮੀਲ ਦੂਰ ਰੈਹ ਜਾਏਗੀ, ਤੇ ਇਹ ਬੇ ਮਲੂਮੇ ਹੀ ਲੁਧਯਾਨੇ ਦੀ ਫੌਜ ਨੂੰ ਜਾ ਮਿਲਣਗੇ, ਅ ਜੇਹਾ ਹੀ ਕੀਤਾ ਗਿਆ, ਕਿੰਤੂ ਬਦੋਵਾਲ ਦੇ ਪਾਸ ਅਪੜਕੇ ਵੇਖਣ ਤੋਂ ਪਤਾ ਲਗਾ ਕਿ ਸਿਖ ਸੈਨਾ ਇਸ ਚਾਲ ਤੋਂ ਜਾਣੂ ਹੋਣ ਕਰਕੇ ਅਗੇਹੀ ਇਹ ਰਾਹ ਮਲੀ ਬੈਠੀ ਹੈ, ਸਰ ਹੇਰਿਸਮਿਥ ਦੀ ਮਨਸ਼ਾ ਇਸ ਵੇਲੇ ਜੰਗ ਕਰਨ ਦੀ ਨਹੀਂ ਸੀ, ਓਹ ਹੋਰਵੀ ਦਖਣ ਵਲ ਹੋ ਟੁਰੇ, ਕਿੰਤੂ ਸਿਖ ਸੈਨਾਂ ਨੇ ਇਨਾਂ ਤੇ ਅਗ ਵਰਸਾਣੀ ਸ਼ੁਰੂ ਕਰ ਦਿਤੀ, ਜਿਸ ਤੋਂ ਦੋਹਾਂ ਦਲਾਂ ਦੇ ਆਪਸ ਵਿਚ ਮੂੰਹ ਜੁੜ ਗਏ, ਤੋਪਾਂ ਦੀ ਗਰਜ ਨਾਲ ਚਾਰੇ ਦਸ਼ਾ ਗੂੰਜ ਉੱਠੀਆਂ, ਸਿਖਾਂ ਨੇ ਅੰਗ੍ਰੇਜ਼ੀ ਸੈਨਾਂ ਨੂੰ ਖੱਬੇ ਪਾਸੇ ਹਟਾ ਦਿੱਤਾ ਤੇ ਤੋਪ ਲੈਕੇ ਅੰਗ੍ਰੇਜ਼ੀ ਸੈਨਾਂ ਦੇ ਪਿਛੇ ਚਿਲੇ ਗਏ, ਤੇ ਬੜੇ ਜ਼ੋਰ ਦੀ ਅਗ ਵਸਾਣੀ ਸ਼ੁਰੂ ਕਰ ਦਿਤੀ, ਅੰਗ੍ਰੇਜ਼ੀ ਸੈਨਾਂ ਘਾਬਰ ਗਈ।

ਅੰਗ੍ਰੇਜ਼ ਪੈਦਲ ਸੈਨਾਂ ਇਕ ਵਾਰ ਅਗੇ ਵਧੀ, ਘੋੜਚੜ੍ਹੀ ਫੌਜ ਦੀ ਦ੍ਰਿੜਤਾ ਨਾਲ ਉਹਨਾਂ ਨੂੰ ਛਪ ਛਪ ਕੇ ਲੁਧਯਾਨੇ ਵਲ ਵਧਣ ਦਾ ਰਾਹ ਮਿਲ ਗਿਆ, ਅੰਗ੍ਰੇਜ਼ੀ ਸੈਨਾਂ ਨਸ ਟੁਰੀ ਸਿਖ ਸੈਨਾਂ ਪਤੀ ਦੇ ਇਸ ਜੰਗ ਵਿਚ ਸ਼ਾਮਲ ਹੋਣ ਬਾਬਤ ਸੰਦੇਹ ਕੀਤਾ ਜਾਂਦਾ ਹੈ, ਤੇ ਕਈ ਲੇਖਕਾਂ ਦਾ ਕਥਨ ਹੈ ਕਿ ਰਣਜੋਧ ਸਿੰਘ ਦੀ ਇਹ ਇੱਛਾਂ ਹੀ ਨਹੀਂ ਸੀ, ਕਿ ਸਿਖ ਜਿਤਣ ਤੇ ਅੰਗ੍ਰੇਜ਼ ਹਾਰਨ, ਕਿੰਤੂ ਸੈਨਾਂ ਨੇ ਬੜੀ ਬਹਾਦਰੀ ਨਾਲ ਮੈਦਾਨ ਮਾਰਿਆ, ਅੰਗ੍ਰੇਜ਼ਾਂ ਦਾ ਮਾਲ ਅਸਬਾਬ ਤੇ ਟਟੂਆਂ ਨੂੰ ਸਿਖ ਸੈਨਾਂ ਨੇ ਲੁਟ ਲਿਆ ਤੇ ਹੇਰਿਸਮਿਥ ਨੂੰ ਲਾਚਾਰ ਹੋਕੇ ਲੁਧਯਾਨੇ ਜਾਣਾ ਪਿਆ।

ਦੂਜੇ ਪਾਸੇ ਦੀ ਸੁਣੋ! ਰਾਣੀ ਜਿੰਦਾਂ ਰਾਜਾ ਗੁਲਾਬ ਸਿੰਘ ਨੂੰ ਲਾਹੌਰ ਸੱਦਿਆ, ੨੭ ਜਨਵਰੀ ੧੮੪੬ ਨੂੰ ਉਪ੍ਰੋਕਤ ਰਾਜਾ ੩੦੦੦ ਸਪਾਹੀ, ਰਸਦ ਤੇ ਲੜਾਈ ਦਾ ਸਾਮਾਨ ਲੈਕੇ ਲਾਹੌਰ ਅਪੜਿਆ।

## ੪.

'ਜਿਤ' 'ਫਤੇ' ਹੈ ਹੱਥ ਰਬ ਦੇ, ਇਸ ਵਿਚ ਜ਼ੋਰ ਨ ਰਾਈ।
ਐ ਪਰ ਸਿਖਾਂ ਰਣ ਤਤੇ ਵਿਚ, ਰਖੀ ਕਸਰ ਨ ਕਾਈ।

ਬਦੋਵਾਲ ਦੀ ਲੜਾਈ ਦੇ ਮਗਰੋਂ ਸ੍ਰ: ਰਣਜੋਧ ਸਿੰਘ ਪਾਸ ਕੁਝ ਸੈਨਾਂ ਹੋਰ ਆਗਈ, ਤੇ ਇਧਰ ਅੰਗ੍ਰੇਜ਼ਾਂ ਨੂੰ ਵੀ ਮਦਦ ਮਿਲ ਗਈ, ਸਰ ਹੇਰਿਸਮਿਥ ਨੇ ਮਲੂਮ ਕੀਤਾ ਕਿ ਸਿਖ ਜਗਰਾਂਓ ਵਲ ਵਧ ਰਹੇ ਹਨ, ਇਸ ਕਰਕੇ ਇਨਾਂ ਇਕ ਲੰਮਾਂ ਪੰਧ ਕਰਕੇ ਹਮਲੇ ਦੀ ਠਾਣੀ ਸਿਖ ਬੂੰਦਾਂ ਤੇ ਅਲੀ ਵਾਲ ਤੇ ਕਬਜ਼ਾ ਕਰ ਬੈਠੇ, ਰੇਤ ਦੇ ਟਿਬੇ ਬਣਾ ਉਪਰ ਤੋਪਾਂ ਰਖ ਦਿਤੀਆਂ, ਬ੍ਰਿਟਸ਼ ਸੈਨਾਂ ਪਤਿ ਨੇ ਜੰਗ ਦਾ ਹੁਕਮ ਦਿਤਾ। ਅੰਗ੍ਰੇਜ਼ੀ ਲਾਈਨ ਵਿਜ ਦੇ ਪੂਰੇ ਹਿਸੇ ਵਿਚ ਘੋੜਚੜ੍ਹੇ ਸਵਾਰ ਖੜੇ ਸਨ, ਸਜੇ ਤੇ ਖਬੇ ਹਥੋਂ ਤਲਵਾਰ ਬਿਜਲੀ ਵਾਂਗ ਚਮਕ ਉਠੀ, ਪੈਦਲ ਸੈਨਾਂ ਅਗੇ ਵਧਣ ਲਗੀਆਂ, ਤੇ ਤੋਪਾਂ ਨੂੰ ਪਲੀਤੇ ਦਿਤੇ ਗਏ, ਦੋਹੀਂ ਪਾਸੀ ਬੀਰ ਆਨੰਦ, ਉਤਸ਼ਾਹ ਤੇ ਮੌਤ ਵਲੋਂ ਨਿਡਰ ਹੋਕੇ ਇਕ ਦੂਜੇ ਤੇ ਹਮਲੇ ਕਰਨ ਲਗੇ ਅੰਗ੍ਰੇਜ਼ੀ ਸੈਨਾਂ ਨੇ ਆਪਣਾ ਮੂੰਹ ਅਲੀ ਵਾਲ ਵਲ ਕੀਤਾ, ਤੇ ਅਗੇ ਵਧਣ ਲਗੇ, ਸਿਖ ਸਪਾਹੀ ਪੂਰੀ ਜਵਾਂ ਮਰਦੀ ਨਾਲ

ਕਦਮ ਕਦਮ ਤੇ ਇਨ੍ਹਾਂ ਨੂੰ ਪਿੱਛੇ ਹਟਾਣ ਲਈ ਅੜੇ ਹੋਏ ਸਨ, ਲੜਾਈ ਜ਼ੋਰ ਸ਼ੋਰ ਨਾਲ ਹੋ ਰਹੀ ਸੀ, ਦੋਹਾਂ ਪਾਸਿਆਂ ਤੋਂ ਬੜੇ ਬਹਾਦਰਾਨਾ ਹਮਲੇ ਹੋਰਹੇ ਸਨ, ਇਥੇ ਵੀ ਹਮੇਸ਼ਾਂ ਵਾਂਗ ਠੀਕ ਸਮੇਂ ਤੇ ਸਰਦਾਰ ਰਣਜੋਧ ਸਿੰਘ ਜੋ ਲੜ ਰਹੀ ਸੈਨਾਂ ਦਾ ਵੱਡਾ ਅਫਸਰ ਸੀ ਮੈਦਾਨ ਵਿਚੋਂ ਨੱਸ ਪਿਆ, ਕਿੰਤੂ ਸਿੱਖ ਸੈਨਾਂ ਲੜਾਈ ਵਿੱਚ ਇੰਨੀ ਮਸਤ ਸੀ ਕਿ ਰਣਜੋਧ ਸਿੰਘ ਦੇ ਇਸਤਰਾਂ ਭੱਜ ਜਾਣ ਦਾ ਉਹਨਾਂ ਦੇ ਦਿਲ ਤੇ ਕੋਈ ਅਸਰ ਨਹੀਂ ਹੋਇਆ, ਬ੍ਰਾਬਰ ਲੜਦੀ ਚਲੀ ਗਈ, ਕਿੰਤੂ "ਬੇ ਅਫਸਰ–ਫੌਜ–ਅਬਤਰ" ਤੇ "ਬਿਨਾਂ ਸਰਦਾਰ–ਫੌਜ਼ ਖਵਾਰ" ਦੀ ਕਹਾਵਤ ਅਨਸਾਰ ਸੈਨਾਂ ਕਦ ਤਕ ਇਸਤਰਾਂ ਜੰਗ ਜਾਰੀ ਰੱਖ ਸਕਦੇ ਸੀ, ਅੰਗ੍ਰੇਜ਼ ਸਵਾਰਾਂ ਨੇ ਲਗਾ ਤਾਰ ਤਿੰਨ ਹਮਲੇ ਉਪਰੋਥਲੀ ਕਰਕੇ ਸਿਖ ਸੈਨਾਂ ਦੇ ਪੈਰ ਮੈਦਾਨ ਵਿਚੋਂ ਉਖੇੜ ਦਿਤੇ, ਕੁਝ ਸਿਖ ਮੈਦਾਨ ਵਿਚ ਸ਼ਹੀਦ ਹੋਏ, ਦਰਯਾ ਤੇ ਪਾਰ ਜਾਂਣ ਦਾ ਰਾਹ ਨਾ ਲਭਣ ਤੋਂ ਬਾਕੀ ਜੋਹੜੇ ਦਰਯਾ ਵਿਚ ਕੁੱਦ ਪਏ ਉਹਨਾਂ ਨੂੰ ਪਾਣੀ ਨੇ ਰੋਹੜ ਖੜਿਆ, ਇਸ ਲੜਾਈ ਵਿਚ ਅੰਗ੍ਰੇਜ਼ਾਂ ਦੇ ੧੬੧ ਸਪਾਹੀ ਮੋਏ, ੪ . ੩ ਸਪਾਹੀ ਫਟੜ ਹੋਏ, ੨੫ ਸਿਪਾਹੀ ਢੂੰਡਣ ਤੇ ਵੀ ਨਾ ਮਿਲੇ, ਸਿੱਖਾਂ ਦੀਆਂ ੫੦ ਤੋਪਾਂ ਅੰਗ੍ਰੇਜ਼ਾਂ ਦੇ ਹਥ ਆਈਆਂ ।

ਅੰਗ੍ਰੇਜ਼ ਸੈਨਾਂਪਤਿ ਆਪਣਾ ਦੁਖ ਭੁੱਲੇ, ਸਪਾਹੀਆਂ ਨੂੰ ਆਪਣੇ ਕਸ਼ਟ ਵਿਸਰ ਗਏ, ਪ੍ਰੰਤੂ ਜਦ ਮੈਦਾਨ ਵਿਚ ਆਪਣੀ ਨੁਕਸਾਨ ਹੋਈ ਸੈਨਾਂ ਵਲ ਨਜ਼ਰ ਪਈ ਤਦ ਦਿਲ ਉਦਾਸ ਹੋ ਗਏ, ਏਹ ਜਿੱਤ ਅੰਗ੍ਰੇਜ਼ਾਂ ਨੂੰ ਬੜੀ ਲਾਭ ਦਾਇਕ ਸਾਬਤ ਹੋਈ।

# ੫.

### "ਪਾਊ ਕੁਹਾੜਾ ਮਾਰਿਆ ਗਾਫਲ ਅਪਨੇ ਹਾਥ"

ਅਲੀਵਾਲ ਦੇ ਜੰਗ ਵਿਚ ਇਧਰ ਰਣਜੋਧ ਸਿੰਘ ਸੈਨਾਂ ਪਤਿ ਦੀ ਨਿਮਕ ਹਰਾਮੀ ਦੇ ਕਾਰਨ ਸਿਖਾਂ ਦੀਆਂ ਮੈਦਾਨਿ ਜੰਗ ਵਿਚ ਲੋਥਾਂ ਤੇ ਲੋਥਾਂ ਪੈ ਰਹੀਆਂ ਸਨ, ਉਧਰ ਲਾਹੌਰ ਹੋਰ ਹੀ ਗੁਲ ਖਿੜਿਆ, ਸਿਖ ਰਾਜ ਦਾ ਮਸ਼ਹੂਰ ਵੈਰੀ ਰਾਜਾ ਗੁਲਾਬ ਸਿੰਘ ੨੭ ਜਨਵਰੀ ੧੮੪੬ ਨੂੰ ਪੰਜਾਬ ਦਾ ਵਜ਼ੀਰ ਬਣਾ ਦਿਤਾ, ਇਸਤਰਾਂ ਨਾਲ ਲਾਲ ਸਿੰਘ, ਤੇਜ ਸਿੰਘ ਤੇ ਰਣਜੋਧ ਸਿੰਘ ਆਦਿਕ ਸੈਨਾਂ ਪਤੀਆਂ ਵਲੋਂ ਸਿੱਖਾਂ ਦੇ ਘਾਤ ਕਰਨ ਵਿਚ ਜੇ ਕੋਈ ਕਸਰ ਬਾਕੀ ਸੀ ਤਾਂ ਉਸ ਨੂੰ ਪੂਰਾ ਕਰਨ ਲਈ ਇਹਨਾਂ ਨੂੰ ਮੰਗਾ ਲਿਆ। ਸਚ ਹੈ:-

"ਵਿਨਾਸ਼ ਕਾਲੇ ਵਿਪ੍ਰੀਤ ਬੁਧੀ।"

ਅੰਗ੍ਰੇਜ਼ੀ ਫੌਜ ਨੇ ਦਰਯਾ ਨੂੰ ਲੰਘਕੇ ਲਾਹੌਰ ਵਲ ਮੂੰਹ ਕੀਤਾ, ਗੁਲਾਬ ਸਿੰਘ ਜੋ ਸਿਖਾਂ ਨੂੰ ਤਸੱਲੀ ਦੇਂਦਾ ਰਿਹਾ ਸੀ ਕਿ ਤੁਹਾਡੀ ਮਦਦ ਲਈ ਆ ਰਿਹਾ ਹਾਂ, ਤੇ ਉਧਰ ਅੰਗ੍ਰੇਜ਼ਾਂ ਨਾਲ ਵੀ ਸਾਜ਼ਸ਼ ਰਖਦਾ ਸੀ, ਛਪਕੇ ਸੁਲ੍ਹਾ ਕਰਾਣ ਲਈ ਅੰਗ੍ਰੇਜ਼ੀ ਲਸ਼ਕਰ ਵਿਚ ਆਇਆ।

ਹਾਂ! ਉਸ ਵਜ਼ੀਰ ਗੁਲਾਬ ਸਿੰਘ ਨੇ ਜਿਸਨੇ ਅੰਗ੍ਰੇਜ਼ਾਂ ਤੇ ਸਿਖਾਂ ਦਾ ਯੁਧ ਸ਼ੁਰੂ ਹੋਣ ਤੋਂ ਪਹਿਲਾਂ ਹੀ "ਅੰਗ੍ਰੇਜ਼ਾਂ ਪਾਸ ਸੁਨੇਹਾ ਭੇਜ ਦਿਤਾ ਸੀ, ਕਿ ਓਹ ਦਿਲੋਂ ਉਹਨਾਂ ਦੇ ਵੱਲ ਹੈ, ਤੇ ਮੌਕੇ ਪਰ ਓਹਨਾਂ ਦੀ ਸਹਾਇਤਾ ਕਰਨ ਲਈ ਤਯਾਰ ਹੈ" ਗਵਰਨਰ

ਜਨਰਲ ਪਾਸ ਸੁਲ੍ਹਾ ਦੀ ਗਲ ਛੇੜੀ, ਅੰਗ੍ਰੇਜ਼ਾਂ ਵਲੋਂ ਸਾਫ ਜਵਾਬ ਦਿਤਾ ਗਿਆ ਤੇ ਕਿਹਾ ਗਿਆ ਕਿ ਸੁਲ੍ਹਾ ਲਾਹੌਰ ਚੱਲ ਕੇ ਹੋਵੇਗੀ, ਗੁਲਾਬ ਸਿੰਘ ਬੜੀ ਛੇਤੀ ਨਾਲ ਲਾਹੌਰ ਗਿਆ ਤੇ ਉਥੋਂ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈਕੇ ਗਵਰਨਰ ਜਨਰਲ ਪਾਸ ਅੱਪੜਿਆ, ਇਸ ਦੀ ਅਗਵਾਈ ਬੜੀ ਸ਼ਾਨ ਨਾਲ ਕੀਤੀ ਗਈ, ਗੁਲਾਬ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਦੀ ਬਾਲ ਅਵਸਥਾ ਦਾ ਜ਼ਿਕਰ ਕਰਕੇ ਸੁਲ੍ਹਾ ਲਈ ਕਿਹਾ, ਉੱਤਰ ਵਿਚ ਅੰਗ੍ਰੇਜ਼ਾਂ ਵਲੋਂ ਕਿਹਾ ਗਿਆ, ਕਿ "ਦਰਬਾਰ ਨਾਲ ਸੁਲ੍ਹਾ ਕਰ ਲੈਣੀ ਤਾਂ ਕੁਝ ਔਖੀ ਗਲ ਨਹੀਂ, ਕਿੰਤੂ ਇਸ ਗੱਲ ਦਾ ਕੀ ਇਲਾਜ ਹੈ ਕਿ ਦਰਬਾਰ ਤੇ ਫੌਜਦੋ ਅੱਡ ਅੱਡ ਚੀਜ਼ਾਂ ਹਨ। ਇਸ ਵਾਸਤੇ ਸੁਲ੍ਹਾ ਤਦ ਹੀ ਹੋ ਸਕਦੀ ਹੈ ਜਦ ਸਾਰੀ ਸਪਾਹ ਹਥਯਾਰ ਰਖ ਦੇਵੇ।" ਜਿਸ ਤੇ ਰਾਜਾ ਗੁਲਾਬ ਸਿੰਘ ਨੇ ਫੌਜ ਦੇ ਕਾਬੂ ਤੋਂ ਬਾਹਰ ਹੋਣ ਦਾ ਜ਼ਿਕਰ ਕਰਕੇ ਆਪਣੀ ਬੇ ਬਸੀ ਪ੍ਰਗਟ ਕੀਤੀ।

ਕਨਿੰਘਮ ਦਾ ਕਥਨ ਹੈ ਕਿ:—And the views of their party were in some sort met by an understanding that the Sikh army should be attacked by the English, and that when beaten it should be openly abondoned by its own Gove nment and further that the passage of the sutlej should de unopposed and the road to capital laid open to the victors. Under such circumstances of discreet policy and shameless treason was the battle of Subraon fovght.

ਅੰਤ ਨੂੰ ਦੋਨੋਂ ਪੱਖ ਇੱਕ ਮੱਤ ਹੋ ਇੱਕ ਸਿਧਾਂਤ ਤੇ ਅਪੜੇ, ਫੈਸਲਾ ਹੋਇਆ ਕਿ ਅੰਗ੍ਰੇਜ਼ ਸਿਖਾਂ ਤੇ ਹਮਲਾ ਕਰਨਗੇ, ਯੁਧ ਵਿਚ ਸਿਖ ਸੈਨਾ ਦੇ ਹਾਰਨ ਤੇ ਲਾਹੌਰ, ਗਵਰਨਮੈਂਟ

ਫੌਜ ਨੂੰ ਹਟਾਣ ਦਾ ਏਲਾਨ ਕਰੇਗੀ, ਇਹ ਲੋਕ ਆਪਣੀ ਗਵਰਨਮੈਂਟ ਤੋਂ ਕਿਸੇ ਤਰਾਂ ਦੀ ਸਹਾਇਤਾ ਨਹੀਂ ਪਾਣਗੇ। ਹੋਰ ਵੀ ਫੈਸਲਾ ਹੋਇਆ ਕਿ ਸਤਲੁਜ ਨਦੀ ਪਾਰ ਕਰਨ ਸਮੇਂ ਅੰਗ੍ਰੇਜ਼ਾਂ ਨੂੰ ਕੋਈ ਨਹੀਂ ਰੋਕੇਗਾ, ਜਿਸ ਤੋਂ ਵਿਜਈ ਅੰਗ੍ਰੇਜ਼ ਬਿਨਾਂ ਰੋਕਦੇ ਰਾਜ ਧਾਨੀ ਲਾਹੌਰ ਵਿਚ ਅਪੜਨਗੇ, ਇਸ ਤਰਾਂ ਦਾਨਾਈ ਦੀ ਪਾਲਸੀ, ਬੇਸ਼ਰਮੀ ਦੇ ਵੰਧੇ ਦੇ ਨਾਲ ਸਭਰਾਓਂ ਦੀ ਲੜਾਈ ਦੀ ਨੀਉਂ ਰੱਖੀ*।

## ੬.

ਟੈਹਕ ਰਹੀ ਬੁਲਬੁਲ ਦੇ ਘਰ ਨੂੰ, ਤੂੰ ਹੈ ਅੱਗ ਨ ਲਾਈ,
ਫੁਲ ਅਗ ਦੇ! ਫੁਲਵਾੜੀ ਸਾਰੀ, ਤੂੰਹੈ ਰਾਖ ਬਣਾਈ।

ਫੇਰੂ ਸ਼ਹਰ ਦੇ ਮੈਦਾਨ ਵਿਚ ਅੰਗ੍ਰੇਜ਼ ਸਿਖਾਂ ਤੇ ਫਤਹ ਪ੍ਰਾਪਤ ਨਹੀਂ ਕਰ ਸਕੇ, ਇਸ ਵਾਸਤੇ ਫਿਰ ਸਿਖਾਂ ਨੇ ਲੜਾਈ ਦੀ ਤਯਾਰੀ ਸ਼ੁਰੂ ਕਰ ਦਿਤੀ, ਪਿਛਲੀਆਂ ਲੜਾਈਆਂ ਵਿਚ ਹੋਇਆ ਨੁਕਸਾਨ ਦਿਲ ਤੋੜਨ ਵਾਲਾ ਸੀ, ਕਿੰਤੂ ਸਿਖ ਮੈਨਾਂ

---

*ਵਸ਼ੇਸ਼ ਹਾਲ ਵੇਖਣ ਲਈ ਤੱਕੋ ੧੮੪੬ ਈਸਵੀ ੧੯ ਫਰਵਰੀ ਨੂੰ ਗਵਰਨਰ ਜਨਰਲ ਦੀ ਲਿਖੀ ਚਿਠੀ।
(Compare the Governor-General's letter to the secret Committee of the 19th February, 1846.)

ਗੁਲਾਬ ਸਿੰਘ ਨਾਲ ਸੁਲ੍ਹਾ ਦੀ ਬਾਬਤ ਜੋ ਚਿਠੀ ਲਿਖੀ ਗਈ ਉਸ ਵਿਚ ਕੇਵਲ ਗੁਲਾਬ ਸਿੰਘ ਦੇ ਨਾਲ ਬੰਦੋਬਸਤ ਦੀ ਗੱਲ ਲਿਖੀ ਹੈ।

ਨੂੰ ਯਕੀਨ ਸੀ ਕਿ ਇਹ ਸਭ ਨੁਕਸਾਨ ਕੇਵਲ ਅਫਸਰਾਂ ਦੀ ਬੇਈਮਾਨੀ ਤੇ ਧੋਖੇ ਦੇ ਕਾਰਨ ਹੋਇਆ ਹੈ, ਇਸ ਵਾਸਤੇ ਫੌਜ ਮਤਾ ਪਕਾਣ ਲਗੀ ਕਿ ਇਕ ਵਾਰ ਬਿਨਾਂ ਕਿਸੇ ਸਰਦਾਰ ਦੇ ਜੰਗ ਕਰਕੇ ਆਪਣੇ ਭਾਗ ਵੇਖ ਲਏ ਜਾਣ, ਸਿੱਖ ਤਾਂ ਇਸ ਕੰਬਲੀ ਨੂੰ ਛਡਣਾ ਚਾਹੁੰਦੇ ਸਨ, ਕਿੰਤੂ ਹੁਣ ਇਹ ਕੰਬਲੀ ਉਹਨਾਂ ਨੂੰ ਨਹੀਂ ਛਡਦੀ ਸੀ, ਤੇਜ ਸਿੰਘ, ਗੁਲਾਬ ਸਿੰਘ,ਲਾਲ ਸਿੰਘ ਆਦਿਕਾਂ ਫਿਰ ਫੌਜ ਨੂੰ ਹੱਥ ਵਿਚ ਲੈਣ ਲਈ ਮਿਠੀਆਂ,ਮਿਠੀਆ ਗੱਲਾਂ ਸ਼ੁਰੂ ਕੀਤੀਆਂ, ਪਿਛੱ-ਲੀਆਂ ਹਾਰਾਂ ਦਾ ਜ਼ਿਕਰ ਕਰਕੇ ਸ਼ੋਕ ਦੇ ਅਥਰੂ ਵਹਾਏ, ਤੇ ਅਗੋਂ ਨੂੰ ਸਾਥ ਦੇਣ ਦਾ ਪੂਰਾ ਭਰੋਸਾ ਦਵਾਕੇ ਨਾਲ ਹੋਗਏ।

ਸਿੱਖਾਂ ਨੇ ਸਭਰਾਓਂ ਦੇ ਪਾਸ ਹੀ ਸਤਲੁਜ ਤੇ ਇਕ ਪੁਲ ਬਧਾ, ਉਸਦੇ ਅਗੇ ਬੜਾ ਪਕਾ ਮੋਰਚਾ ਉੱਚੀ ਜਗਾ ਤੇ ਬਣਾਕੇ ਉਸਤੇ ਤੋਪਾਂ ਬੀੜ ਦਿਤੀਆਂ,ਇਸ ਮੋਰਚੇ ਦੀ ਮਾਰ ਬੜੀ ਜ਼ਬਰ ਦਸਤ ਸੀ, ਕਿਉਂਕਿ ਸਾਮ੍ਹਣੇ ਪਾਸਿਓਂ ਜੋ ਫੌਜ ਆਵੇ ਉਸਨੂੰ ਆਸਾਨੀ ਨਾਲ ਤੈਹਸ ਨੈਹਸ ਕਰ ਸਕਦੀ ਸੀ, ਉਸਦੇ ਪਿਛੇ ਸਿਖਾਂ ਦਾ ਇਕ ਸ਼ਹੀਦੀ ਦਲ ਉਤਰਿਆ ਹੋਇਆ ਸੀ। ਕਿਲੇ ਦੀ ਰੱਖਯਾ ਕਰਨ ਲਈ ਹਰ ਪਾਸੇ ਤੋਪਾਂ ਰਖੀਆਂ ਗਈਆਂ, ਕਿਲੇ ਦੀ ਰਖਯਾ ਤੇਜਾ ਸਿੰਘ ਲਸ਼ਕਰੀ ਜੋ ਪੈਦਲ ਫੌਜ ਦਾ ਵਡਾ ਅਫਸਰ ਸੀ ਕਰ ਰਿਹਾ ਸੀ, ਤੇਜ ਸਿੰਘ ਤੋਂ ਬਿਨਾਂ ਰਾਜਾ ਲਾਲ ਸਿੰਘ ਸਵਾਰਾਂ ਦੀ ਫੌਜ ਦੀ ਕਮਾਨ ਕਰ ਰਿਹਾ ਸੀ।

੮ ਫਰਵਰੀ ਨੂੰ ਸਰ ਹੈਰਿ ਸਮਿਥ ਦੀ ਸੈਨਾਂ ਸੈਨਾਂਪਤੀ ਨੂੰ ਆ ਮਿਲੀ, ੯ ਤਰੀਕ ਨੂੰ ਦਿਲੀ ਤੋਂ ਓਹ ਤੋਪਾਂ ਵੀ ਆ ਗਈਆਂ ਜੋ ਦੂਰ ਦੀ ਮਾਰ ਕਰਦੀਆਂ ਸਨ, ਇਸ ਤਰਾਂ ਨਾਲ

ਅੰਗ੍ਰੇਜ਼ੀ ਸੈਨਾਂ ਸਭਰਾਓਂ ਤੇ ਧਾਵਾ ਕਰਨ ਲਈ ਤਯਾਰ ਹੋ ਗਈ। ਅੰਗ੍ਰੇਜ਼ ਸੈਨਾਂ ਵਿਚ ੧੬੨੨੪ ਸਪਾਹੀ ਸਨ, ਜਿਸ ਵਿਚ ੬੫੩੩ ਅੰਗ੍ਰੇਜ਼ ਤੇ ਬਾਕੀ ਦੇਸੀ ਸਨ, ਅੰਗ੍ਰੇਜ਼ਾਂ ਪਾਸ ਤੋਪਾਂ ਜਿਆਦਾ ਸਨ ਤੇ ਸਿਖਾਂ ਪਾਸ ਫੌਜ, ਅਲੀ ਵਾਲ ਦੀ ਜਿੱਤ ਨੇ ਅੰਗ੍ਰੇਜ਼ ਸੈਨਾਂ ਦੇ ਹੌਸਲੇ ਵਧਾਏ ਹੋਏ ਸਨ, ਹਾਥੀਆਂ ਤੋਂ ਤੋਪਾਂ ਉਠਾਣ ਦਾ ਇਸ ਜੰਗ ਸਮੇਂ ਕੰਮ ਲਿਆ ਗਿਆ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਰਾਜਾ ਲਾਲ ਸਿੰਘ ਨੇ ਨਜ਼ਾਮ ਦੀਨ ਕਸੂਰੀ ਪਠਾਣ ਦੇ ਹੱਥ (ਜੋ ਅਗੇ ਵੀ ਨਿਕਲਸਨ ਸਾਹਿਬ ਦੇ ਪਾਸ ਰਾਜਾ ਲਾਲ ਸਿੰਘ ਦੀਆਂ ਚਿਠੀਆਂ ਲੈ ਜਾਇਆ ਕਰਦਾ ਸੀ) ਚਿਠੀ ਭੇਜੀ "ਕਿ ਪੈਦਲ ਫੌਜ ਦਾ ਵਡਾ ਅਫਸਰ ਤੇਜ ਸਿੰਘ ਬਣਿਆ ਹੈ, ਕਿੰਤੂ ਆਪ ਤਸਲੀ ਰਖੋ ਕਿ ਜੋ ਬਚਨ ਆਪਦੇ ਨਾਲ ਹੋਚੁਕਾ ਹੈ ਉਸ ਵਿਚ ਫਰਕ ਨਹੀਂ ਪਵੇਗਾ, ਜਿਥੋਂ ਤਕ ਮੇਰੀ ਤਾਕਤ ਹੈ ਸਰਕਾਰ ਨੂੰ ਲਾਭ ਪੁਜੇਗਾ, ਹਰਤਰਾਂ ਦੀ ਚਾਲ ਤੁਹਾਨੂੰ ਲਾਭ ਦਾਇਕ ਹੋਵੇਗੀ, ਮੈਂ ਸਵਾਰ ਫੌਜ ਦਾ ਅਫਸਰ ਹਾਂ, ਉਸ ਨੂੰ ਤਿਤੱਰ ਬਿਤੱਰ ਕਰਨ ਦਾ ਜ਼ਿੰਮਾ ਵਾਰ ਹਾਂ, ਸਿਖਾਂ ਦੇ ਕਿਲੇ ਦੀ ਦਖਣੀ ਦੀਵਾਰ ਬਹੁਤ ਕਮਜ਼ੋਰ ਹੈ, ਤੁਸਾਂ ਇਹ ਹਮਲਾ ਉਧਰੋਂ ਕਰਨਾ ਹੋਵੇਗਾ*।" ਲਾਲ ਸਿੰਘ ਦੇ ਇਸ ਖਤ ਨੇ ਅੰਗ੍ਰੇਜ਼ਾਂ ਨੂੰ ਬੜਾ ਕੰਮ ਦਿਤਾ।

---

*ਰਾਜਾ ਲਾਲ ਸਿੰਘ ਨੇ ਸਭਰਾਓਂ ਦੇ ਮੈਦਾਨ ਵਿਚ ਖਾਲਸੇ ਦੀ ਸੈਨਾਂ ਦੇ ਸਾਰੇ ਪਤੇ ਠਿਕਾਣੇ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਅੰਗ੍ਰੇਜ਼ਾਂ ਨੂੰ ਲਿਖ ਭੇਜੇ ਸਨ। (ਖਾ: ਤਾ: ਪੰ: ੨੯੩—ਸਿ: ਓ: ਪ: ਪੰ: ੧੯੯)

ਸਿਖਾਂ ਪਾਸ ੬੭ ਤੋਪਾਂ ਸਨ, ਤੇ ੨੦੦ ਜੰਬੂਰਕ ਜਮਾਂ ਕੀਤੇ ਸਨ, ਫੌਜ ਵੀ ਮਰਨ ਮਾਰਨ ਨੂੰ ਤਯਾਰ ਸੀ, ਇਸ ਫੌਜ ਦੇ ਸਰਦਾਰ ਭਾਵੇਂ ਦੋ ਦਿਲੇ ਤੇ ਆਪਣੀ ਹਾਰ ਆਪ ਚਾਹੁਣ ਵਾਲੇ ਸਨ, ਕਿੰਤੂ ਸਪਾਹੀ ਬੜੇ ਜੋਸ਼ ਵਿਚ ਸਨ, ਇਸ ਲੜਾਈ ਵਿਚ ਸਿਖੀ ਦੀ ਸ਼ਾਨ ਨੂੰ ਪਿਛਲੇ ਜੰਗਾਂ ਵਿਚ ਖਤਰੇ ਵਿਚ ਪਿਆ ਵੇਖ ਸ੍ਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਮੈਦਾਨ ਵਿਚ ਨਿਕਲ ਸੈਨਾਂ ਦੇ ਹੌਸਲੇ ਨੂੰ ਵਧਾ ਰਿਹਾ ਸੀ, ੮ ਫਰਵਰੀ ਨੂੰ ਸਿਖਾਂ ਨੇ ਅੰਗ੍ਰੇਜ਼ਾਂ ਦੇ ਇਕ ਮੁਕਾਮ ਤੇ ਕਬਜ਼ਾ ਕਰ ਲਿਆ। ੧੦ ਫਰਵਰੀ ਨੂੰ ਸੂਰਜ ਨਿਕਲਨ ਨਾਲ ਹੀ ਅੰਗ੍ਰੇਜ਼ਾਂ ਨੇ ਸਿਖਾਂ ਤੇ ਹਮਲਾ ਸ਼ੁਰੂ ਕਰ ਦਿਤਾ, ਅੰਗ੍ਰੇਜ਼ੀ ਤੋਪਾਂ ਦੀ ਗਰਜ ਨੇ ਅਕਾਸ਼ ਗੂੰਜਾ ਦਿਤਾ, ਸਿਖਾਂ ਦੇ ਰੇਤ ਦੇ ਖੜੇ ਕੀਤੇ ਬੜਿਆਂ ਨੂੰ ਗੋਲੇ ਖੇਰੂ ਖੇਰੂ ਕਰਨ ਲਗੇ, ਸਿਖਾਂ ਦੇ ਜੰਗੀ ਸਮਾਨ ਦੀਆਂ ਗਡੀਆਂ ਚੂਰ ਚੂਰ ਹੋਣ ਲਗੀਆਂ, ਤੋਪਾਂ ਦੇ ਧੂੰਏ ਨੇ ਇਕ ਹੋਰ ਨਵਾਂ ਅਕਾਸ਼ ਬਣਾ ਦਿਤਾ।

ਤਿੰਨ ਘੰਟੇ ਲਗਾ ਤਾਰ ਦੋਨਾ ਪਾਸਿਆ ਤੋਂ ਤੋਪਾਂ ਅਗ ਵਸਾਂਦੀਆਂ ਰਹੀਆਂ, ਪ੍ਰੰਤੂ ਦੋਨਾਂ ਪਾਸਿਆਂ ਵਿਚੋਂ ਕਿਸੇ ਵੀ ਆਪਣੀ ਜਗਾ ਨਹੀਂ ਛਡੀ, ਅੰਤ ਨੂੰ ਸਰ ਰਾਬ੍ਰਟ ਗਫ ਤੇ ਸਟੇਸ਼ੀ ਸਾਹਿਬ ਦੇ ਹੁਕਮ ਵਿਚ ਇਨਾਂ ਦੇ ਤੋਪ ਖਾਨੇ ਤੇ ਪੈਦਲ ਫੌਜ਼ ਨੇ ਲਾਲ ਸਿੰਘ ਦੀ ਦਸੀ ਕਿਲੇ ਦੀ ਦਖਣੀ ਦੀਵਾਰ ਤੇ ਵਧਕੇ ਹਮਲਾ ਕੀਤਾ, ਸਿਖ ਵੀ ਬੇਖਬਰ ਨਹੀਂ ਸਨ, ਸਿਖਾਂ ਦੇ ਜੰਬੂਰਕਾਂ ਤੇ ਬੰਦੂਕਾਂ ਦੀ ਬਾੜ ਨੇ ਓਸਨੂੰ ਅਗੇ ਨਾ ਵਧਣ ਦਿਤਾ, ਗਫ ਸਾਹਿਬ ਦੀ ਫੌਜ ਨੂੰ ਕਾਫੀ ਨੁਕਸਾਨ ਉਠਾਕੇ ਪਿਛੇ ਹਟਣਾ ਪਿਆ, ਇੰਨੇ ਨੂੰ ਗਿਲਬਰਟ ਸਾਹਿਬ ਗਫ ਸਾਹਿਬ ਦੀ ਮਦਦ ਨੂੰ ਆ ਪੁਜੇ, ਗਫ ਸਾਹਿਬ ਦੀ ਫੌਜ ਸਦਾ-

ਦਿਤਾ ਪਾ ਫਿਰ ਪੈਰ ਜਮਾਲਏ ਤੇ ਕਟਾ ਵਢ ਸ਼ੁਰੂ ਕਰ ਦਿਤੀ, ਡਿਕ ਸਾਹਿਬ ਬੜੀ ਫੁਰਤੀ ਤੇ ਬਹਾਦਰੀ ਨਾਲ ਖਾਈ ਟਪ ਤੋਪਾਂ ਵਿਚਕਾਰ ਦੀ ਨਾਹਰੇ ਮਾਰਦੇ ਕਿਲੇ ਪਾਸ ਅਪੜੇ, ਸਿਖਾਂ ਨੇ ਫਿਰ ਤੋਪਾਂ ਤੋਂ ਕੰਮ ਲੈਣਾ ਸ਼ੁਰੂ ਕੀਤਾ, ਡਿਕ ਸਾਹਿਬ ਦੀ ਸੈਨਾਂ ਨੂੰ ਬੜਾ ਨੁਕਸਾਨ ਪੁਜਾ, ਡਿਕ ਸਾਹਿਬ ਆਪ ਜ਼ਖਮੀ ਹੋਗਏ, ਸਟੈਸ਼ੀ ਸਾਹਿਬ ਫੌਜ ਲੈਕੇ ਆ ਪੁਜਾ, ਅੰਗ੍ਰੇਜ਼ਾਂ ਨੇ ਬੜੀ ਜਵਾਂ ਮਰਦੀ ਨਾਲ ਸਿਖਾਂ ਤੋਂ ਇਹ ਮੋਰਚਾ ਛੁਡਾ ਲਿਆ, ਕਿੰਤੂ ਕੁਝ ਫਾਇਦਾ ਨਹੀਂ ਪੁਜਾ, ਕਿਉਂਕਿ ਸਿਖ ਇਕ ਇਕ ਇੰਚ ਜਗਾ ਲਈ ਕੱਟ ਵੱਢ ਕਰ ਰਹੇ ਸੀ, ਸਿਖਾਂ ਦੇ ਕਿਲੇ ਨੂੰ ਬਹੁਤੀ ਖ਼ਾਵੀ ਰਾਹ ਹੋਗਏ, ਕਿੰਤੂ ਬਾਹਰ ਖੜੀਆਂ ਤੋਪਾਂ ਕਿਲੇ ਦੇ ਪਾਸ ਕਿਸੇ ਨੂੰ ਨਹੀਂ ਆਉਣ ਦੇਂਦੀਆਂ ਸੀ। ਸਿਖਾਂ ਦੇ ਸਾਹਮਣੇ ਕੌਮ ਦੀ ਸ਼ਾਨ ਲਈ ਮਰ ਮਿਟਣ ਵਾਲੇ ਏਕੇ ਦੇ ਪੁਤਲੇ ਤੇ ਤੋਪਾਂ ਦੇ ਧਨੀ ਅੰਗ੍ਰੇਜ਼ ਖੜੇ ਸਨ ਤੇ ਪਿਛਲੇ ਪਾਸੇ ਲਾਲ ਸਿੰਘ, ਤੇਜਾ ਸਿੰਘ ਵਰਗੇ ਨਿਮਕ ਹਰਾਮ ਸਾਥੀ। ਤੇਜ ਸਿੰਘ ੫੦੦੦ ਜਵਾਨ ਨਾਲ ਲੈਕੇ ਬਿਨਾ ਕਾਰਨ ਮੈਦਾਨ ਵਿਚੋਂ ਨਸ ਗਿਆ, ਨਾ ਕੇਵਲ ਆਪ ਹੀ ਨਠਾ! ਬਲਕੇ ਸਿਖਾਂ ਦੇ ਫੌਜੀ ਸਮਾਨ ਦੀ ਭਰੀ ਹੋਈ ਕਿਸ਼ਤੀ ਜੋ ਦਰਯਾ ਵਿਚ ਖੜੀ ਸੀ, ਉਸ ਨੂੰ ਵੀ ਡੋਬ ਦਿਤਾ, ਲਾਲ ਸਿੰਘ ਸੈਨਾਂ ਲੈਕੇ ਪਹਿਲਾਂ ਨਸ ਗਿਆ ਸੀ, ਤੇਜ ਸਿੰਘ ਵੀ ਨਸ ਗਿਆ, ਜਿਸ ਤੋਂ ਸਿਖਾਂ ਵਿਚ ਬੇਦਿਲੀ ਜਹੀ ਪੈ ਗਈ।

ਸ੍ਰਦਾਰ ਸ਼ਾਮ ਸਿੰਘ (ਅਟਾਰੀ) ਦੀ ਫੌਜ ਨੇ ਹਮਲਾ ਕਰਕੇ ਅੰਗ੍ਰੇਜ਼ਾਂ ਦੀ ਇੱਕ ਤੋਪ ਖੋਹ ਲਈ, ਉੱਤਰ ਵਿੱਚ ਅੰਗ੍ਰੇਜ਼ਾਂ ਵਲੋਂ ਵੀ ਬੜੇ ਜੋਸ਼ ਨਾਲ ਹਮਲਾ ਕੀਤਾ ਗਿਆ, ਦੋਹਾਂ ਪਾਸਿਆਂ ਤੋਂ ਲਾਸ਼ਾਂ ਦੇ ਢੇਰ ਲੱਗ ਗਏ, ਕਿੰਤੂ ਸ੍ਰਦਾਰ ਸ਼ਾਮ ਸਿੰਘ ਦੀ ਮੌਜੂਦਗੀ

ਸਿੱਖ ਸੈਨਾਂ ਦੇ ਹੌਸਲੇ ਕਮਜ਼ੋਰ ਨਹੀਂ ਹੋਣ ਦੇਂਦੀ ਸੀ, ਬੁੱਢੇ ਸਰਦਾਰ ਸ਼ਾਮ ਸਿੰਘ ਨੇ ਇਹ ਮੌਕਾ ਬੜਾ ਨਾਜ਼ਕ ਵੇਖਯਾ, ਸਫੈਦ ਕੱਪੜੇ ਮੰਗਾਕੇ ਸ਼ਹਾਦਤ ਲਈ ਪੈਹਨੇ, ਹੱਥ ਵਿੱਚ ਤਲਵਾਰ ਲੈ ਸਿੰਘਾਂ ਨੂੰ ਲਲਕਾਰਕੇ ਕਿਹਾ ਕਿ "ਖਾਲਸਾ ਜੀ! ਅੱਜ ਆਪ ਦੇ ਸਾਹਮਣੇ ਅੰਗ੍ਰੇਜ਼ੀ ਸੈਨਾਂ ਹੈ, ਸੱਜੇ ਵੀ ਅੰਗ੍ਰੇਜ਼ੀ ਸੈਨਾਂ ਹੈ, ਖੱਬੇ ਵੀ ਅੰਗ੍ਰੇਜ਼ੀ ਸੈਨਾਂ ਹੈ, ਜੋ ਹਰ ਤਰਾਂ ਸੰਨਧ ਬੱਧ ਤੇ ਲੜਾਈ ਦੇ ਸਮਾਨ ਨਾਲ ਤਯਾਰ ਬਰ ਤਯਾਰ ਹੈ,ਫਿਰ ਇਸ ਜੰਗ ਨੂੰ ਜ਼ਿੰਦਗੀ ਤੇ ਮੌਤ ਦਾ ਜੰਗ ਸਮਝ ਕਟਕਾਂ ਦੀ ਅੱਗ ਵਸਾਂਦੀ ਚਲੀ ਆ ਰਹੀ ਹੈ, ਪਿੱਛੇ ਸੱਤਲੁਜ ਹੈ ਜੋ ਤਿੰਨਾਂ ਪਾਸਿਆਂ ਤੋਂ ਘੇਰਨ ਵਾਲੀ ਸੈਨਾਂ ਨਾਲੋਂ ਵੀ ਵਧਕੇ ਭਯਾਨਕ ਰੂਪ ਵਿੱਚ ਵਗ ਰਿਹਾ ਹੈ। ਐਸ ਵੇਲੇ ਸਾਡੇ ਲਈ ਹਰ ਪਾਸੇ ਮੌਤ ਮੂੰਹ ਖੋਹਲ ਹੜੱਪ ਕਰਨ ਲਈ ਖੜੀ ਹੈ, ਬਚਾਉ ਦੀ ਇੱਕ ਤੇ ਕੇਵਲ ਇੱਕ ਸੂਰਤ ਹੈ ਤੇ ਉਹ ਮੈਦਾਨ ਵਿੱਚ ਹਥਯਾਰ ਰੱਖ ਦੇਣ ਦੀ ਸੂਰਤ ਹੈ, ਕਿੰਤੂ ਮੈਦਾਨ ਵਿੱਚ ਹਥਯਾਰ ਰੱਖਕੇ ਜਾਨ ਬਚਾਣਾ ਖਾਲਸਈ ਸ਼ਾਨ ਨੂੰ ਵੱਟਾ ਲਾਣਾ ਹੈ, ਜਿਸਨੂੰ ਕੋਈ ਅਣਖ ਵਾਲਾ ਸਿੱਖ ਪਸੰਦ ਨਹੀਂ ਕਰੇਗਾ। ਹੁਣ ਜਦ ਮੌਤ ਸਾਡੇ ਨਾਲ ਜੱਫੀਆਂ ਪਾਣ ਲਈ ਚਾਰੇ ਪਾਸਿਆਂ ਤੋਂ ਅੱਗੇ ਵਧਦੀ ਚਲੀ ਆ ਰਹੀ ਹੈ ਤੇ ਯਕੀਨਨ ਥੋੜੇ ਚਿਰ ਵਿੱਚ ਹੀ ਅਸਾਂ ਨੂੰ ਮੌਤ ਨੇ ਮਿਲ ਜਾਣਾ ਹੈ,ਤਦ ਆਓ ਮਰਦਾਂ ਦੀ ਮੌਤ, ਬਹਾਦਰਾਂ ਦੀ ਮੌਤ ਤੇ ਸ਼ਹੀਦਾਂ ਵਾਲੀ ਮੌਤ ਮਰੀਏ, ਤੇ ਸੰਸਾਰ ਨੂੰ ਇਹ ਦੱਸਕੇ ਮਰੀਏ ਕਿ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਮੈਦਾਨ ਜੰਗ ਵਿੱਚ ਹਾਰ ਮੰਨਕੇ, ਹਥਯਾਰ ਰੱਖ ਕੇ, ਜਾਨ ਬਚਾ ਕੌਮ ਦੇ ਨਾਮ ਨੂੰ ਕਲੰਕਤ ਕਰਨ ਨਾਲੋਂ ਜਦ ਤੱਕ ਉਸਦੇ ਜਿਸਮ

ਵਿੱਚ ਆਖਰੀ ਸਵਾਸ ਵੀ ਹੈ, ਕੌਮ ਦੇ ਨੇਕ ਨਾਮ ਨੂੰ ਕਾਇਮ ਰੱਖਣ ਲਈ ਮਰ ਮਿਟਣਾ ਪਸੰਦ ਕਰਦਾ ਹੈ। ਸਾਡੇ ਪਾਸ ਗੋਲਾ ਬਾਰੂਦ ਨਹੀਂ ਰਿਹਾ, ਜਿਸਤੋਂ ਬੰਦੂਕ ਤੇ ਤੋਪ ਦੀ ਲੜਾਈ ਸਾਡੇ ਲਈ ਖਤਮ ਹੋ ਚੁੱਕੀ ਹੈ, ਹੁਣ ਕੇਵਲ ਸ੍ਰੀ ਸਾਹਿਬ ਸਾਡੇ ਪਾਸ ਹੈ, ਆਓ ਆਪਣੀ ਤੇਗ ਦੇ ਜੌਹਰ ਵਿਖਾਓ"। ਇਹ ਕੈਹਕੇ ਅੰਗ੍ਰੇਜ਼ੀ ਸੈਨਾਂ ਤੇ ਹੱਲਾ ਬੋਲ ਦਿੱਤਾ ਤੇ ਚਮਕਦੀ ਤਲਵਾਰ ਨਾਲ ਸੱਥਰਾਂ ਦੇ ਸੱਥਰ ਵਿਛਾ ਦਿਤੇ।

ਸਿੱਖ ਸੈਨਾਂ ਪੈਂਤੜਾ ਬਦਲਨ ਲਈ ਦਰਯਾ ਵਲ ਪਿਛੇ ਹਟਣ ਲੱਗੀ, ਇਕ ਪਾਸੇ ਤੋਂ ਅੰਗ੍ਰੇਜ਼ੀ ਪੈਦਲ ਪਲਟਨ ਤੇ ਦੂਜੇ ਪਾਸਿਉਂ ਘੋੜ ਚੜ੍ਹੀ ਸੈਨਾਂ ਨੇ ਹਮਲਾ ਸ਼ੁਰੂ ਕਰ ਦਿਤਾ, ੧੨੦ ਤੋਪਾਂ ਤੇ ੨੫-੩੦ ਹਜ਼ਾਰ ਬੰਦੂਕਾਂ ਦੇ ਫਾਇਰ ਸਿਖਾਂ ਉਤੇ ਦਨਾਂ ਦਨ ਗੋਲੇ ਗੋਲੀਆਂ ਵਸਾਣ ਲੱਗੇ।

ਸਤਲੁਜ ਦਰਯਾ ਭਰਿਆ ਹੋਇਆ ਵਗ ਰਿਹਾ ਸੀ, ਜਾਂਦੀ ਵਾਰ ਤੇਜ ਸਿੰਘ ਪੁਲ ਅੱਧ ਵਿਚੋਂ ਤੋੜ ਗਿਆ, ਸਿਖਾਂ ਲਈ ਹੁਣ ਜਾਨ ਤੇ ਆ ਬਣੀ, ਸਿੱਖਾਂ ਨੇ ਦਰਯਾ ਵਿਚ ਡੁੱਬ ਮਰਨ ਤੇ ਹਥਿਆਰ ਰਖਣ ਨਾਲੋਂ ਲੜਾਈ ਦੇ ਵਿਚ ਸਨਮੁਖ ਹੋ ਮਰਨ ਦੀ ਮੌਤ ਨੂੰ ਪਸੰਦ ਕੀਤਾ, ਮੈਦਾਨ ਵਿਚ ਡਟ ਕੇ ਜੋ ਧੀਰਤਾ, ਬੀਰਤਾ ਤੇ ਗੰਭੀਰਤਾ ਇਸ ਵੇਲੇ ਸਿੱਖਾਂ ਨੇ ਵਿਖਾਈ, ਜਿਸ ਸੂਰਮਤਾ ਨਾਲ ਉਹਨਾਂ ਨੇ ਅੰਗ੍ਰੇਜ਼ ਸੈਨਾਂ ਦੇ ਕਈ ਵੇਰ ਮੂੰਹ ਮੋੜ ਮੋੜ ਸੁੱਟੇ, ਤੇ ਆਪ ਪਿਛੇ ਹਟਣ ਨਾਲੋਂ ਮੈਦਾਨ ਵਿਚ ਟੁਕੜੇ ਹੋਣ ਨੂੰ ਮਨਜ਼ੂਰ ਕੀਤਾ, ਉਸਤੋਂ ਸਾਰੇ ਬਦੇਸੀ ਇਤਹਾਸਕਾਰ ਇੱਕ ਜ਼ਬਾਨ ਹੋ ਸਿੱਖਾਂ ਦੀ ਮੈਹਮਾਂ ਕਰ ਰਹੇ ਹਨ। ਸ੍ਰਦਾਰ ਸ਼ਾਮ ਸਿੰਘ ਨੇ ਫੌਜ ਨੂੰ ਨਾਲ ਲੈ ਹੱਥੋ ਹੱਥ ਦੀ ਲੜਾਈ ਸ਼ੁਰੂ ਕਰ ਦਿਤੀ, ਜਿਸ ਪਾਸੇ

ਇਹ ਫੌਜ ਪੈਰ ਵਧਾਂਦੀ ਸੈਨਾਂ ਦੇ ਪਰ੍ਹੇ ਦੇ ਪਰ੍ਹੇ ਉਡਾ ਦੇਂਦੀ, ਜਿਸ ਪਾਸੇ ਤਲਵਾਰ ਚਕਦੀ ਲਾਸ਼ਾਂ ਦੇ ਢੇਰਾਂ ਦੇ ਢੇਰ ਲਾ ਦੇਂਦੀ ਗਈ, ਇਕ ਘੰਟਾ ਬੜੇ ਘਮਸਾਨ ਦਾ ਯੁੱਧ ਰਿਹਾ।

ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਮੈਦਾਨ ਵਿਚ ਸ਼ਹੀਦ ਹੋ ਗਏ, ਜਿਸ ਤੋਂ ਸਿੱਖਾਂ ਤੇ ਨਿਰਾਸਤਾ ਛਾ ਗਈ, ਇਹਨਾਂ ਦੇ ਪੈਰ ਉਖੜ ਗਏ, ਅੰਗ੍ਰੇਜ਼ਾਂ ਨੇ ਸਿਖਾਂ ਦੇ ਕੈਂਪ ਵਿਚ ਅਪੜ ੬੦ ਤੋਪਾਂ ਅਤੇ ੨੦੦ ਜੰਬੂਰਕਾਂ ਤੇ ਕਬਜਾ ਕਰ ਲਿਆ।

## ੭.

"ਨਰ ਚਾਹਤ ਕਿਛ ਅਉਰ ਅਉਰੈ ਕੀ ਔਰੈ ਭਈ"

ਸਭਰਾਉਂ ਦੀ ਲੜਾਈ ਪਿਛੋਂ ਅੰਗ੍ਰੇਜ਼ ਇਕ ਦਿਨ ਅਰਾਮ ਕਰਕੇ ਦੂਜੇ ਦਿਨ ਫੀਰੋਜ਼ਪੁਰ ਸ਼ੈਹਰ ਦੇ ਸਾਹਮਣਿਓਂ ਇਸ ਪਾਰ ਆ ਗਏ, ਕਸੂਰ ਤੇ ਸੈਨਾਂ ਨੇ ਬਿਨਾਂ ਕਿਸੇ ਦੀ ਰੋਕ ਦੇ ਕਬਜ਼ਾ ਕਰ ਲਿਆ, ਅਗਲੇ ਦਿਨ ਗਵਰਨਰ ਜਨਰਲ ਵੀ ਕਸੂਰ ਅੱਪੜ ਗਏ, ਰਾਜਾ ਗੁਲਾਬ ਸਿੰਘ ਕੁਝ ਸਰਦਾਰਾਂ ਤੇ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈਕੇ ਲੁਲਿਆਨੀ ਅੱਪੜਿਆ, ਪਹਿਲਾਂ ਗੱਲਾਂ ਬਾਤਾਂ ਵਿਚ ਗਵਰਨਰ ਜਨਰਲ ਪਾਸੋਂ ਮਾਫੀ ਮੰਗੀ, ਗਵਰਨਰ ਜਨਰਲ ਨੇ ਲਾਹੌਰ ਦਰਬਾਰ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਦਾ ਇਕਰਾਰ ਕੀਤਾ, ਗੁਲਾਬ ਸਿੰਘ ਨੂੰ ਹੁਣ ਪਿੱਛੂ ਪਏ ਕਿ ਮੈਨੂੰ ਵਿੱਚ ਪੈਣ ਦਾ ਕੀ ਲਾਭ ਪੁੱਜਾ ? ਉਸਨੇ ਅੰਗ੍ਰੇਜ਼ ਅਫਸਰਾਂ ਨੂੰ ਲਾਹੌਰ ਅੱਪੜਨ ਦੀ ਪ੍ਰੇਰਨਾ ਕੀਤੀ ਜਿਸ ਤੋਂ ਗਵਰਨਰ ਜਨਰਲ ਨੇ ਤਕਰੀਰ ਵਿਚ ਕਿਹ

ਕਿ ਮਹਾਰਾਜਾ ਸਾਹਿਬ ਅਜੇ ਛੋਟੇ ਹਨ, ਇਸ ਵਾਸਤੇ ਉਹਨਾਂ ਸ਼ਰਤਾਂ ਨੂੰ ਜੋ ਸਰਦਾਰਾਂ ਨਾਲ ਨਿਸ਼ਚਤ ਕੀਤੀਆਂ ਗਈਆਂ ਹਨ, ਇੱਥੇ ਸੁਣਾਨ ਦੀ ਲੋੜ ਨਹੀਂ, ਸਿੱਖਾਂ ਦੀ ਰਾਜਧਾਨੀ ਲਾਹੌਰ ਚੱਲਕੇ ਹੀ ਇਹ ਸ਼ਰਤਾਂ ਸੁਣਾਈਆਂ ਜਾਣਗੀਆਂ। ਲਾਹੌਰ ਪੁੱਜਣ ਤੇ ਸ਼ੈਹਰ ਦੇ ਦਰਵਾਜ਼ਿਆਂ ਤੋਂ ਸਿੱਖਾਂ ਦਾ ਪੈਹਰਾ ਉਠਾ ਅੰਗ੍ਰੇਜ਼ਾਂ ਦਾ ਪੈਹਰਾ ਬਠਾਇਆ ਗਿਆ, ਕਿਲੇ ਵਿਚ ਵੀ ਅੰਗ੍ਰੇਜ਼ੀ ਸੈਨਾਂ ਬਠਾ ਦਿਤੀ, ਜਿਸਤੋਂ ਲੋਕਾਂ ਵਿਚ ਬੜੀ ਬਦ ਦਿਲੀ ਫੈਲਣ ਲੱਗੀ।

ਗਵਰਨਰ ਜਨਰਲ ਨੂੰ ਖਬਰ ਮਿਲੀ ਕਿ ੨੦ ਹਜ਼ਾਰ ਸਿਖ ਫੌਜ ਅੰਮ੍ਰਿਤਸਰ ਪਾਸ ਇਕੱਤਰ ਹੈ। ਉਹਨਾਂ ਸਮਝਿਆ ਕਿ ਫਿਰ ਜੰਗ ਨਾ ਛਿੜ ਜਾਵੇ। ੨੬ ਤਰੀਕ ਨੂੰ ਇਕ ਆਮ ਦਰਬਾਰ ਕਰਕੇ ਏਲਾਨ ਕੀਤਾ, ਕਿ ਲਾਹੌਰ ਦੇ ਤਖਤ ਉੱਤੇ ਮਹਾਰਾਜਾ ਦਲੀਪ ਸਿੰਘ ਨੂੰ ਬਠਾਇਆ ਜਾਂਦਾ ਹੈ, ਜਿਸਤੋਂ ਲੋਕਾਂ ਵਿਚ ਕੁਝ ਠੰਢ ਵਰਤ ਗਈ। ਗੁਲਾਬ ਸਿੰਘ ਨੇ ਆਪਣੀ ਸੇਵਾ ਦੱਸਕੇ ਗਵਰਨਰ ਨੂੰ ਇਕ ਵਾਰੀ ਐਥੋਂ ਤੱਕ ਕੈਹ ਦਿਤਾ ਸੀ, ਕਿ "ਜੇ ਕਦੀ ਮੈਂ ਯੁੱਧ ਚੱਲਣ ਦੇਂਦਾ ਤਦ ਲੜਾਈ ਦਾ ਅੰਤ ਕੁਝ ਹੋਰ ਹੀ ਹੁੰਦਾ, ਜੇ ਕਦੀ ਮੈਂ ਆਪਣੀ ਇਛਾ ਨਾਲ ਜਾਲ ਵਿਛਾਕੇ ਚੂਹੇ ਵਾਂਗ ਕੈਦ ਨ ਕਰੌਂਦਾ ਤਦ ੮੦ ਹਜ਼ਾਰ ਸੈਨਾਂ ਫੀਰੋਜ਼ਪੁਰ ਦਿੱਲੀ ਦੇ ਵਿਚਕਾਰ ਕੁਹਰਾਮ ਮਚਾ ਦੇਂਦਾ।" ਹਰਜਾਨੇ ਦੀ ਰੱਕਮ ਲਾਹੌਰ ਦਰਬਾਰ ਤੋਂ ਪੂਰੀ ਨਾ ਨਿਕਲੀ, ਇਸ ਕਦ ਕੇ ੭੫ ਲਖ ਰੁਪਯੇ ਤੋਂ ਜੰਮੂ ਕਸ਼ਮੀਰ ਦਾ ਇਲਾਕਾ ਗੁਲਾਬ ਸਿੰਘ ਨੂੰ ਗਵਰਨਰ ਨੇ ਦਵਾ ਦਿੱਤਾ ਇਸ ਰਕਮ ਵਿਚੋਂ ਵੀ ਉਸਨੇ ੧੫ ਲਖ ਰੁਪਯਾ ਚੇਤ ਸਿੰਘ ਵਾਲਾ ਮੁਜਰਾ ਕਰਾਕੇ ਕੇਵਲ ੬੦ ਲਖ

ਰੁਪਯੇ ਦੇ ਬਦਲੇ ਹੀ ਇਸ ਇਲਾਕੇ ਦਾ ਸੁਤੰਤਰ ਰਾਜ ਲੈ ਲਿਆ। ਗਵਰਨਰ ਜਨਰਲ ਨੇ ਗੁਲਾਬ ਸਿੰਘ ਨੂੰ—ਜੋ ਅੱਗੇ ਲਾਹੌਰ ਦਰਬਾਰ ਨੂੰ ਖਰਾਜ ਦੇਂਦਾ ਸੀ—ਅਜ਼ਾਦ ਕਰਾ ਦਿਤਾ।

ਸਿੱਖਾਂ ਤੇ ਅੰਗ੍ਰੇਜ਼ਾਂ ਦੇ ਵਿਚਕਾਰ ਜੋ ਸ਼ਰਤਾਂ ਹੋਈਆਂ ਇਨ੍ਹਾਂ ਸ਼ਰਤਾਂ ਦਾ ਸਾਰ ਭਾਵ ਇਹ ਸੀ, ਕਿ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਜੋ ਸੁਲ੍ਹਾ ਦੀਆਂ ਸ਼ਰਤਾਂ ਹੋਈਆਂ ਹੋਈਆਂ ਸਨ, ਉਹਨਾਂ ਨੂੰ ਸਿੱਖਾਂ ਨੇ ਤੋੜਕੇ ਅੰਗ੍ਰੇਜ਼ਾਂ ਤੇ ਹਮਲਾ ਕੀਤਾ ਸੀ, ਹੁਣ ਅੰਗ੍ਰੇਜ਼ ਸੈਨਾਂ ਲਾਹੌਰ ਅੱਪੜ ਗਈ ਹੈ, ਹੁਣ ਮਹਾਰਾਜਾ ਦਲੀਪ ਸਿੰਘ ਤੇ ਉਸਦੇ ਘਰਾਣੇ ਨਾਲ ਹੇਠ ਲਿਖੀਆਂ ਸ਼ਰਤਾਂ ਨਿਸ਼ਚਤ ਹੋਈਆਂ ਹਨ:—

(੧) ਬ੍ਰਿਟਸ਼ ਗਵਰਨਮੈਂਟ ਤੇ ਮਹਾਰਾਜਾ ਦਲੀਪ ਸਿੰਘ ਤੇ ਉਹਨਾਂ ਦੇ ਘਰਾਣੇ ਵਿਚਕਾਰ ਹਮੇਸ਼ਾਂ ਸ਼ਾਂਤਿ ਤੇ ਮਿੱਤ੍ਰਤਾ ਰਹੇਗੀ।

(੨) ਸਤਲੁਜ ਨਦੀ ਦੇ ਦੱਖਣ ਵਾਲੇ ਪਾਸੇ ਮਾਹਾਰਾਜੇ ਦੀ ਜੋ ਸੰਪਤੀ ਹੈ, ਉਸਨੂੰ ਓਹ ਤਜਾਗਦੇ ਹਨ, ਉਸਦੀ ਬਾਬਤ ਹੁਣ ਉਹਨਾਂ ਦਾ ਕੋਈ ਦਾਵਾ ਨਹੀਂ ਹੋਵੇਗਾ।

(੩) ਸਤਲੁਜ ਤੇ ਬਿਆਸਾ ਨਦੀ ਦੇ ਵਿਚਕਾਰਲੇ ਪਰਬਤ ਤੇ ਮੈਦਾਨੀ ਕਿਲੇ, ਸੰਪਤਿ ਤੇ ਹੱਕ ਈਸਟ ਇੰਡੀਆ ਕੰਪਨੀ ਦੇ ਅਰਪਨ ਕੀਤੇ ਗਏ।

(੪) ਤੀਜੀ ਸ਼ਰਤ ਵਿਚ ਲਿਖੀ ਸੰਪਤੀ ਤੇ ਅਧਿਕਾਰ ਪਾਣ ਲਈ ਤੇ ਲੜਾਈ ਦਾ ਖਰਚ ਚੁਕਾਣ ਲਈ:—

(੫) ਲੜਾਈ ਦੇ ਨੁਕਸਾਨ ਬਦਲੇ ੧॥ ਕਰੋੜ ਰੁਪਏ ਦਾ ਦਾਵਾ ਕੰਪਨੀ ਨੇ ਕੀਤਾ ਹੈ, ਲਾਹੌਰ ਰਾਜ ਨਾਂ ਇਹ ਰਕਮ ਇਕ ਵਾਰੀ ਦੇ ਸਕਦਾ ਹੈ, ਤੇ ਨਾ ਹੀ ਕੋਈ ਤਸਲੀ ਵਾਲੀ

ਜ਼ਮਾਨਤ ਦੇ ਸਕਦਾ ਹੈ, ਇਸ ਕਰਕੇ ਮਹਾਰਾਜਾ ਸਾਹਿਬ ਸਤਲੁਜ ਤੇ ਬਿਆਸ ਦੇ ਵਿਚਕਾਰਲੇ ਪਹਾੜੀ ਇਲਾਕੇ ਕਸ਼ਮੀਰ ਤੇ ਹਜ਼ਾਰਾ ਦੇ ਸਭ ਕਿਲੇ ਸੰਪਤੀ ਤੇ ਆਮਦਨੀ ਈਸਟ ਇੰਡੀਆ ਕੰਪਨੀ ਦੇ ਸਦਾ ਲਈ ਹਵਾਲੇ ਕਰਦੇ ਹਨ ।

(੬) ਸੁਲਾ ਦੇ ਪੱਤਰ ਦੇ ਪੂਰੇ ਹੋਣ ਤੋਂ ਪਹਿਲਾਂ ਜਾਂ ਓਦੋਂ ਤੱਕ ੫੦ ਲੱਖ ਰੁਪਯੇ ਬਾਕੀ ਗਵਰਨਮੈਂਟ ਨੂੰ ਦੇਣਗੇ।

(੭) ਮਹਾਰਾਜਾ ਆਪਣੀ ਸੈਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਾਲੀ ਤਨਖਾਹ ਦੇਣਗੇ, ਰਾਜ ਵਿਧਰੋਹੀ ਸੈਨਾਂ ਨੂੰ ਹਟਾ ਦੇਣਗੇ, ਤੇ ਫੌਜੀ ਸਿਪਾਹੀਆਂ ਦਾ ਹਿਸਾਬ ਚੁਕਾ ਦੇਣਗੇ।

(੮) ਲਾਹੌਰ ਗਵਰਨਮੈਂਟ ੨੫ ਪੈਦਲ (ਸੈਨਾਂ ਦਾ ਦਲ ਜਿਸ ਵਿਚੋਂ ਹਰ ਇਕ ਵਿਚ ੮੦੦ ਬੰਦੂਕ ਧਾਰੀ ਹੋਣ) ਤੇ ੨੦੦ ਘੋੜਚੜ੍ਹੀ ਸੈਨਾਂ ਰੱਖ ਸਕੇਗੀ, ਬਿਨਾਂ ਦੋਹਾਂ ਧਿਰਾਂ ਦੇ ਸਮਝੌਤੇ ਦੇ ਇਸ ਨੂੰ ਵਧਾ ਨਹੀਂ ਸਕੇਗੀ।

(੯) ਸਿਖ ਸੈਨਾਂ ਨੇ ਅੰਗ੍ਰੇਜ਼ਾਂ ਦੇ ਨਾਲ ਲੜਾਈ ਵੇਲੇ ਜੋ ੩੬ ਤੋਪਾਂ ਵਰਤੀਆਂ ਸਨ, ਉਹਨਾਂ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਰਹੇਗਾ।

(੯) ਬਿਆਸਾ ਸਤਲੁਜ ਤੇ ਅਟਕ ਦਰਯਾ ਵਿਚੋਂ ਅੰਗ੍ਰੇਜ਼ ਸੁਤੰਤ੍ਰਤਾ ਨਾਲ ਵਪਾਰ ਕਰ ਸਕਣਗੇ।

(੧੦) ਬ੍ਰਿਟਸ਼ ਸੈਨਾਂ ਲਾਹੌਰ ਰਾਜ ਵਿਚ ਜਿਥੇ ਚਾਹੇ ਆ ਜਾ ਸਕੇਗੀ, ਮਹਾਰਾਜੇ ਦੇ ਮੁਲਕ ਲਈ ਜਾਂ ਇਸਦੇ ਕਿਸੇ ਮਿੱਤਰ ਦੇ ਮੁਲਕ ਲਈ ਲੋੜ ਪੈਣ ਤੇ ਇਥੋਂ ਦੀ ਸੈਨਾਂ ਭੇਜੀ ਜਾ ਸਕੇਗੀ।

(੧੧) ਬ੍ਰਿਟਸ਼ ਗਵਰਨਮੈਂਟ ਦੀ ਸਲਾਹ ਬਿਨਾਂ ਕਦੇ ਕੋਈ ਬ੍ਰਿਟਸ਼ ਪ੍ਰਜਾ ਤੇ ਅਮ੍ਰੀਕਨ ਰਾਜ ਦੇ ਮਨੁਖ ਮਹਾਰਾਜ ਦੇ

ਕਿਸੇ ਕੰਮ ਵਿਚ ਨੀਯਤ ਨਹੀਂ ਹੋਣਗੇ।

(੧੨) ਰਾਜਾ ਗੁਲਾਬ ਸਿੰਘ ਨੇ ਸੁਲ੍ਹਾ ਕਰਾਣ ਵਿਚ ਜੋ ਹਿਸਾ ਲਿਆ ਹੈ ਉਸ ਦੇ ਬਦਲੇ ਉਸ ਨੂੰ ਜੰਮੂ ਕਸ਼ਮੀਰਦਾ ਸੁਤੰਤਰ ਮਹਾਰਾਜਾ ਮੰਨਿਆ ਜਾਵੇਗਾ।

(੧੩) ਰਾਜਾ ਗੁਲਾਬ ਸਿੰਘ ਤੇ ਲਾਹੌਰ ਦਰਬਾਰ ਵਿਚ ਜੇ ਕੋਈ ਝਗੜਾ ਹੋ ਜਾਏ ਤੱਦ ਅੰਗ੍ਰੇਜ਼ ਮਧਯਸਥ ਹੋ ਫੈਸਲਾ ਕਰਨਗੇ, ਜੋ ਮਹਾਰਾਜਾ ਨੂੰ ਮੰਨਣਾ ਪਊ।

(੧੪) ਬ੍ਰਿਟਸ਼ ਗਵਰਨਮੈਂਟ. ਦੀ ਰਾਏ ਤੋਂ ਬਿਨਾਂ ਲਾਹੌਰ ਰਾਜ ਦੀ ਹੱਦ ਕਦੇ ਨਹੀਂ ਬਦਲੇਗੀ।

(੧੫) ਲਾਹੌਰ ਰਾਜ ਵਿਚ ਗਵਰਨਮੈਂਟ ਕਦੇ ਦਖਲ ਨਹੀਂ ਦੇਵੇਗੀ, ਪ੍ਰੰਤੂ ਗੁੰਝਲਾਂ ਪੈ ਜਾਣ ਸਮੇਂ ਗਵਰਨਰ ਜਨ-ਰਲ ਲਾਹੌਰ ਰਾਜ ਨੂੰ ਸ਼ੁਭ ਮੱਤਾਂ ਦੇ ਸਕਣਗੇ।

(੧੬) ਦੋਨਾਂ ਰਾਜਾਂ ਵਿਚੋਂ ਕਿਸੇ ਇਕ ਦੀ ਪ੍ਰਜਾ ਦੇ ਦੂਜੇ ਰਾਜ ਵਿਚ ਜਾਣ ਤੇ ਉਸ ਨਾਲ ਆਪਣੀ ਪ੍ਰਜਾ ਵਾਲਾ ਵਿਓਹਾਰ ਕੀਤਾ ਜਾਵੇਗਾ।

ਇਹ ਸ਼ਰਤਾਂ ੯ ਮਾਰਚ ਨੂੰ ਲਿਖੀਆਂ ਗਈਆਂ। ੧੦ ਮਾਰਚ ਨੂੰ ਲਾਹੌਰ ਵਿਚ ਇਕ ਦਰਬਾਰ ਹੋਇਆ ਜਿਸ ਵਿਚ ਗਵਰਨਰ ਜਨਰਲ, ਫੌਜੀ ਅਫਸਰ, ਤੇ ਲਾਹੌਰ ਦਰਬਾਰ ਦੇ ਮੁਖੀਏ ਸਨ, ਦੀਵਾਨ ਦੀਨਾ ਨਾਥ ਨੇ ਵਜ਼ੀਰ ਦੇ ਕੈਹਣ ਤੇ ਇਕ ਲੰਮਾਂ ਚੌੜਾ ਐਡ੍ਰੈਸ ਪੜ੍ਹਿਆ, ਫਿਰ ਮਹਾਰਾਜਾ ਦਲੀਪ ਸਿੰਘ ਵਲੋਂ ਨਜ਼ਰਾਨਾ ਪੇਸ਼ ਹੋਇਆ। ੧੧ ਨੂੰ ਏਜੰਟ ਲਾਰੰਸ ਦੇ ਤੰਬੂ ਵਿਚ ਲਾਹੌਰ ਦਰਬਾਰ ਦੇ ਕਰਮ ਚਾਰੀ ਪੇਸ਼ ਹੋਏ।

ਲਾਹੌਰ ਰਾਜ ਦੇ ਕੁਝ ਕਰਮਚਾਰੀਆਂ ਵਲੋਂ ਲਿਖਕੇ ਇਕ ਦਰਖਾਸਤ ਦਿਤੀ ਗਈ ਕਿ ਕੁਝ ਅੰਗ੍ਰੇਜ਼ ਸੈਨਾਂ ਲਾਹੌਰ ਰਹੇ, ੯ ਮਹੀਨੇ ਲਈ ਸੈਨਾਂ ਰਖੇ ਜਾਣ ਦ ਫੈਸਲਾ ਹੋਇਆ, ਰਾਜਾ ਲਾਲ ਸਿੰਘ ਵਜ਼ੀਰ ਨੀਯਤ ਹੋਇਆ* ਤੇ ਰਾਜਾ ਤੇਜਾ ਸਿੰਘ ਨੂੰ ਸਿਆਲਕੋਟ ਮਿਲਯਾ। ਸਰ ਹਨਰੀ ਲਾਰੰਸ ਲਾਹੌਰ ਰੈਜ਼ੀਡੰਟ ਨੀਯਤ ਹੋਏ।

੧੧ ਮਾਰਚ ਨੂੰ ਇਕ ਹੋਰ ਸੰਧੀ ਪੱਤਰ ਲਿਖਯਾ ਗਿਆ ਜਿਸਦੀਆਂ ਸ਼ਰਤਾਂ ਦਾ ਸਾਰ ਇਹ ਸੀ ਕਿ:-

(੧) ਲਾਹੌਰ ਸ਼ੈਹਰ ਵਾਸੀਆਂ ਤੇ ਮਹਾਰਾਜੇ ਦੀ ਰੱਖਿਆ ਲਈ ਇਸ ਸਾਲ ਦੇ ਅੰਤ ਤੱਕ ਇਥੇ ਕੁਝ ਬ੍ਰਿਟਸ਼ ਸੈਨਾਂ ਰਹੇਗੀ।

(੨) ਲਾਹੌਰ ਗਵਰਨਮੈਂਟ ਨੇ ਪ੍ਰਵਾਨ ਕੀਤਾ, ਕਿ ਉਪਰ ਲਿਖੀ ਸੈਨਾਂ ਲਾਹੌਰ ਸ਼ੈਹਰ ਤੇ ਕਿਲੇ ਤੇ ਪੂਰਨ ਰੂਪ ਤੇ ਅਧਿਕਾਰ ਰਖੇਗੀ, ਤੇ ਲਾਹੌਰ ਦਰਬਾਰ ਦੀ ਸੈਨਾਂ ਨੂੰ ਕਿਤੇ ਬਾਹਰ ਭੇਜ ਦਿਤਾ ਜਾਵੇਗਾ। ਇਸ ਫੌਜ ਦੇ ਅਫਸਰਾਂ ਦੇ ਅਰਾਮ ਲਈ ਸਾਮਾਨ ਦਿਤਾ ਜਾਵੇਗਾ, ਤੇ ਖਰਚ ਲਾਹੌਰ ਦਰਬਾਰ ਦੇ ਜ਼ਿਮੇ ਹੋਵੇਗਾ।

---

*The base sycophant thus congratulated himself on the approaching success of all his treasurs, which had simply for their object his own personal aggrandizement at the expense of Sikh independance.

ਲਾਲ ਸਿੰਘ ਨੇ ਸਿੱਖਾਂ ਦੀ ਸੁਤੰਤ੍ਰਤਾ ਨਸ਼ਟ ਕਰਕੇ ਆਪਣੇ ਵੱਡੇ ਹੋਣ ਦੀਆਂ ਸੋਚੀਆਂ ਤਜਵੀਜ਼ਾਂ ਨੂੰ ਪੂਰੇ ਹੁੰਦੇ ਵੇਖਕੇ ਆਪਣੇ ਆਪ ਨੂੰ ਵਧਾਈ ਦਿੱਤੀ [ਕਨਿੰਘਮ, ਸਫਾ ੩੩੩]

(੩) ਜੇ ਇਨ੍ਹਾਂ ਸ਼ਰਤਾਂ ਵਿਚੋਂ ਕੋਈ ਪੂਰੀ ਨਾ ਹੋਈ ਤਦ ਬ੍ਰਿਟਸ਼ ਗਵਰਨਮੈਂਟ ਮੌਕਾ ਮੁਕਣ ਤੋਂ ਪਹਿਲਾਂ ਲਾਹੌਰੋਂ ਆਪਣੀ ਸੈਨਾਂ ਉਠਾ ਸਕੇਗੀ ।

(੪) ੯ ਮਾਰਚ ਦੇ ਸੰਧੀ ਪੱਤਰ ਦੀ ੩ ਤੇ ੪ ਸ਼ਰਤ ਅਨੁਸਾਰ ਮਹਾਰਾਜ ਦਾ ਜੋ ਇਲਾਕਾ ਗਵਰਨਮੈਂਟ ਨੇ ਲਿਆ ਹੈ, ਉਸ ਵਿੱਚ ਦੇ ਰਈਸਾਂ ਤੇ ਜਾਗੀਰਦਾਰਾਂ ਦੇ ਜੋ ਹਕ ਹਨ, ਉਹਨਾਂ ਦੇ ਦਮ ਤਕ ਬ੍ਰਿਟਸ਼ ਗਵਰਨਮੈਂਟ ਜਿਓਂ ਦੇ ਤ੍ਰਿਓਂ ਰਖੇਗੀ।

੫) ਜੋ ਇਲਾਕੇ ਗਵਰਨਮੈਂਟ ਨੂੰ ਮਿਲੇ ਹਨ, ਉਹਨਾਂ ਦੇ ਵਿਚ ਦੇ ਸਰਦਾਰਾਂ ਤੇ ਮੈਨੇਜਰਾਂ ਪਾਸ ਲਾਹੌਰ ਗਵਰਨਮੈਂਟ ਦਾ ਜੋ ਖ਼ਜ਼ਾਨਾ ਬਾਕੀ ਹੈ, ਖਰੀਫ ਫਸਲ ਤੱਕ ਵਸੂਲ ਕਰਾ-ਦੇਣ ਦਾ ਯਤਨ ਕੀਤਾ ਜਾਵੇਗਾ।

(੬) ਉਪਰ ਦੀਆਂ ਸ਼ਰਤਾਂ ਅਨੁਸਾਰ ਕਿਲਿਆਂ ਵਿਚੋਂ ਤੋਪਾਂ ਤੋਂ ਬਿਨਾਂ ਬਾਕੀ ਸਭ ਸੰਪਤੀ ਲਾਹੌਰ ਦਰਬਾਰ ਜਿਥੇ ਚਾਹੇ ਬਦਲ ਸਕਦਾ ਹੈ, ਉਸਦੇ ਵਿਚੋਂ ਜੇ ਕਿਸੇ ਚੀਜ਼ ਤੇ ਬ੍ਰਿਟਸ਼ ਗਵਰਨਮੈਂਟ ਦਖਲ ਕਰ ਲਵੇ ਤਦ ਉਸਦਾ ਮੁਲ ਦੇਵੇਗੀ।

(੭) ਮੁਲਕ ਦੀਆਂ ਹੱਦਾਂ ਕਾਇਮ ਕਰਨ ਲਈ ਛੇਤੀ ਹੀ ਇਕ ਕਮੀਸ਼ਨ ਨੀਯਤ ਕੀਤਾ ਜਾਵੇਗਾ।

ਮਹਾਰਾਣੀ ਜਿੰਦਾਂ ਦਲੀਪ ਸਿੰਘ ਦੀ ਸਰ ਪ੍ਰਸਤ ਬਣੀ, ਇਸਤ੍ਰਾਂ ਨਾਲ ਫੌਜ ਦੀ ਆਪੋ ਧਾਪੀ ਤੇ ਦਗੇ ਬਾਜ਼ ਅਫਸਰਾਂ ਦੇ ਧ੍ਰੋਹ ਨਾਲ ਓਹ ਖਾਲਸਾ ਸਲਤਨਤ ਜੋ ਕੱਲ ਤੱਕ ਬ੍ਰਿਟਸ਼ ਗਵਰਨਮੈਂਟ ਦੀ ਬ੍ਰਾਬਰੀ ਦਾ ਦਾਵਾ ਕਰਦੀ ਸੀ, ਖੇਰੂ ਖੇਰੂ ਹੋ ਗਈ।

ਰਾਜਾ ਗੁਲਾਬ ਸਿੰਘ ਜਦ ਜੰਮੂ ਕਸ਼ਮੀਰ ਦਾ ਕਬਜ਼ਾ ਲੈਣ ਲਈ ਗਿਆ, ਤਦ ਸ਼ੇਖ ਇਮਾਮ ਦੀਨ ਗਵਰਨਰ ਕਸ਼-ਮੀਰ ਨੇ ਕਬਜ਼ਾ ਦੇਣੋ ਇਨਕਾਰ ਕਰਕੇ ਲੜਾਈ ਦੀ ਸੂਰਤ ਖੜੀ ਕਰ ਦਿਤੀ, ਸਰ ਹਨਰੀ ਲਾਰੰਸ ਲਾਹੌਰ ਦਰਬਾਰ ਦੀ ਫੌਜ ਲੈਕੇ ਅਪੜੇ ਤੇ ਉਹਨਾਂ ਨੇ ਕਬਜ਼ਾ ਦਵਾ ਦਿਤਾ। ਕਸ਼-ਮੀਰ ਦੇ ਗਵਰਨਰ ਦੇ ਇਸਤਰਾਂ ਕਰਨ ਦੇ ਮਾਮਲੇ ਦੀ ਵਿਚਾਰ ਹੋਣ ਤੇ ਨਿਸ਼ਚਾ ਹੋਇਆ, ਕਿ ਰਾਜਾ ਲਾਲ ਸਿੰਘ ਮਿਸਰ ਨੇ ਉਸਤੋਂ ਅਜਿਹਾ ਕਰਾਇਆ ਹੈ, ਏਹ ਬ੍ਰਹਾਮਣ ਦੇਵਤਾ ਜੋ ਅਗੇ ਸਿਖਾਂ ਨੂੰ ਲੜਾਈ ਵਿਚ,ਧੋਖੇ ਤੇ ਧੋਖਾ ਦੇਂਦਾ ਰਿਹਾ ਸੀ, ਗੁਲਾਬ ਸਿੰਘ ਨਾਲ ਇੰਜ ਕਰਨ ਤੋਂ ਦੇਸ ਨਿਕਾਲਾ ਦੇਕੇ ਬਨਾਰਸ ਭੇਜਯਾ ਗਿਆ। ਲਾਹੌਰ ਵਿਚ ਅੰਗ੍ਰੇਜ਼ੀ ਸੈਨਾਂ ਦੇ ਰਖੇ ਜਾਣ ਦੀ ਮਿਆਦ ਮੁਕ ਗਈ ਸੀ, ਹੁਣ ਇਹ ਸੈਨਾਂ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤਕ ਲਈ ਰਖੀ।

੧੬ ਦਸੰਬਰ ੧੮੪੬ ਨੂੰ ਇਕ ਨਵਾਂ ਇਕਰਾਰ ਨਾਮਾ ਹੋਇਆ, ਜਿਸ ਦੀਆਂ ਸ਼ਰਤਾ ਦਾ ਸਾਰਾ ਭਾਵ ਇਹ ਸੀ।

(੧) ੯ ਮਾਰਚ ਵਾਲੀਆਂ ਸ਼ਰਤਾਂ ਦੇ ਵਿਚੋਂ ੧੫ ਵੀਂ ਸ਼ਰਤ ਛਡਕੇ ਬਾਕੀ ਸਾਰੀਆਂ ਸ਼ਰਤਾਂ ਤੇ ਦੋਨੋਂ ਪੱਖ ਪਾਬੰਦ ਰੈਹਣਗੇ।

(੨) ਗਵਰਨਰ ਜਨਰਲ ਵਲੋਂ ਲਾਹੌਰ ਵਿਚ ਪ੍ਰਤਿ-ਨਿਧ ਰਹੇਗਾ, ਰਾਜ ਦੇ ਕੁਲ ਕੰਮ ਉਸਦੀ ਵੇਖ ਰੇਖ ਵਿਚ ਹੋਣਗੇ।

(੩ ਆਮ ਲੋਕਾਂ ਦੇ ਰਸਮੋ ਰਿਵਾਜ ਤੇ ਧਰਮ ਕਰਮ ਦੇ ਭਾਵਾਂ ਨੂੰ ਮੁਖ ਰਖਕੇ ਰਾਜ ਕਰਨਾ ਹੋਵੇਗਾ।

(੪) ਨਿਮਨ ਲਿਖਤ ਸਰਦਾਰਾਂ ਦੀ ਕੌਂਸਲ ਆਫ ਰੇਜੰਸੀ ਤਯਾਰ ਹੋਵੇਗੀ। ਸ੍ਰ: ਤੇਜ ਸਿੰਘ, ਸ੍ਰ: ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫਕੀਰ ਨੂਰਦੀਨ, ਰਣਜੋਰ ਸਿੰਘ ਮਜੀਠਾ, ਭਾ: ਨਿਧਾਨ ਸਿੰਘ, ਰਾਇ ਕਿਸ਼ਨ ਚੰਦ, ਸ੍ਰ: ਅਰਜਨ ਸਿੰਘ, ਸ੍ਰ: ਕਾਹਨ ਸਿੰਘ, ਲਾਲ ਸਿੰਘ ਮੁਰਾੜੀਆ, ਕੇਹਰ ਸਿੰਘ ਸੰਧਾਵਾਲੀਆ, ਸ੍ਰ: ਅਤਰ ਸਿੰਘ, ਸ੍ਰ: ਸ਼ਮਸ਼ੇਰ ਸਿੰਘ ਸੰਧਾਵਾਲੀਆ। ਗਵਰਨਰ ਦੀ ਆਗਯਾ ਤੇ ਰੈਜ਼ੀਡੈਂਟ ਦੀ ਸੰਮਤੀ ਬਿਨਾਂ ਕੋਈ ਪ੍ਰੀ ਵਰਤਨ ਨਾ ਹੋਵੇਗਾ।

(੫) ਇਹ ਕੌਂਸਲ ਰਾਜ ਕਾਜ ਕਰੇਗੀ, ਕਿੰਤੂ ਰੈਜ਼ੀਡੈਂਟ ਦੀ ਮਰਜ਼ੀ ਅਨੁਸਾਰ ਇਨਾਂ ਨੂੰ ਕੰਮ ਕਰਨਾ ਪਵੇਗਾ, ਸਾਰੇ ਵਿਭਾਗਾਂ ਦੇ ਸਾਰੇ ਕੰਮ ਬ੍ਰਿਟਸ਼ ਰੈਜ਼ੀਡੈਂਟ ਦੀ ਪੂਰੀ ਵੇਖ ਵਿਚ ਹੋਣਗੇ।

(੬) ਦੇਸ਼ ਦੀ ਰਖਯਾ ਤੇ ਮਹਾਰਾਜ ਦੀ ਸ੍ਰੀਰ ਰਖਯਾ ਲਈ ਗਵਰਨਰ ਜਨਰਲ ਜਿੰਨੀ ਕੈਹਣ ਉੱਨੀ ਬ੍ਰਿਟਸ਼ ਸੈਨਾਂ ਲਾਹੌਰ ਰਖਣੀ ਹੋਵੇਗੀ।

(੭) ਲਾਹੌਰ ਰਾਜ ਦੇ ਵਿਚ ਦੇ ਜਿਸ ਕਿਲੇ ਤੇ ਬ੍ਰਿਟਸ਼ ਗਵਰਨਮੈਂਟ ਚਾਹੇ ਅਮਨ ਦੀ ਕਾਇਮੀ ਲਈ ਕਬਜ਼ਾ ਕਰ ਸਕੇਗੀ।

(੮) ਇਸ ਸਾਰੀ ਫੌਜ ਦੇ ਖਰਚ ਲਈ ਲਾਹੌਰ ਦਰਬਾਰ ਅੰਗ੍ਰੇਜ਼ਾਂ ਨੂੰ ਪੂਰੀ ਤੋਲ ਦੇ ੨੨ ਲਖ ਰੁਪਯੇ (ਨਾਨਕ ਸ਼ਾਹੀ) ਦੇਵੇਗਾ। ਦੋ ਕਿਸਤਾਂ ਵਿਚ, ੧੩ ਲਖ ੨੦ ਹਜ਼ਾਰ ਮਈ ਤੇ ਜੂਨ ਮਹੀਨੇ, ੮ ਲਖ ੮੦ ਹਜ਼ਾਰ ਨਵੰਬਰ ਤੇ ਦਸੰਬਰ ਮਹੀਨੇ।

(੯)ਮਹਾਰਾਜਾ ਦਲੀਪ ਸਿੰਘ ਦੀ ਮਾਤਾ,ਹਰ ਹਾਈਨਸ ਮਹਾਰਾਣੀ ਜੀ ਨੂੰ ਉਹਨਾਂ ਦੇ ਪ੍ਰਵਾਰ ਦੇ ਖਰਚ ਲਈ ੧ ਲਖ ਪੰਜਾਹ ਹਜ਼ਾਰ ਰੁਪਯਾ ਹਰ ਸਾਲ ਦੇਣਾ ਹੋਵੇਗਾ। ਇਹ ਰੁਪੱਯੇ ਮਹਾਰਾਜ ਆਪਣੀ ਇੱਛਾ ਅਨੁਸਾਰ ਖਰਚ ਕਰ ਸਕਦੇ ਹਨ।

(੧੦) ਇਹ ਸ਼ਰਤਾਂ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤਕ ਰੈਹਣਗੀਆਂ। ਮਹਾਰਾਜ ਦੀ ਉਮਰ ੧੬ ਸਾਲ ਹੋਣ ਤੇ ਅਰਥਾਤ ੪ ਸਤੰਬਰ ੧੮੫੪ ਨੂੰ ਸ਼ਰਤ ਰੈਹਤ ਹੋਣਗੇ। ਮਹਾਰਾਜ ਦੀ ਗਵਰਨਮੈਂਟ ਦੀ ਰੱਖਯਾ ਲਈ ਫਿਰ ਜਦ ਬ੍ਰਿਟਸ਼ ਗਵਰਨਮੈਂਟ ਦੀ ਸਹਾਇਤਾ ਦੀ ਲੋੜ ਨਾ ਪਏਗੀ, ਗਵਰਨਰ ਜਨਰਲ ਦੀ ਇਛਾ ਹੋਣ ਤੇ ਮਹਾਰਾਜ ਦੇ ਬਾਲਗ ਹੋਣ ਦੀ ਉਮਰ ਤੋਂ ਪਹਿਲੋਂ ਹੀ ਇਸ ਸੰਧੀ ਰਹਿਤ ਹੋਨ ਦੀ ਬਿਵਸਥਾ ਹੋ ਸਕੇਗੀ*।



*ਇਹ ਸ਼ਰਤਾਂ ਕਿਹੋ ਜਹੀਆਂ ਹਨ ? ਕਨਿੰਘਮ ਲਿਖਦਾ ਹੈ ਕਿ :-

But the transaction scarcely sums worthy of the British name and gratness.

## ੮.

### "ਆਗ ਲਗਾਏ ਮੰਦਰ ਮੈ ਸੋਵਹਿ"

ਰਾਜਾ ਲਾਲ ਸਿੰਘ ਨੂੰ ਦੇਸ ਨਿਕਾਲਾ ਮਿਲਗਿਆ, ਤੇ ਕੌਂਸਲ ਆਫ ਰੇਜੰਸੀ ਕਾਇਮ ਹੋ ਗਈ, ਰਾਣੀ ਜਿੰਦਾਂ ਨੂੰ ਜਦ ਇਸ ਨਵੇਂ ਇਕਰਾਰ ਪੱਤਰ ਦੀ ਖਬਰ ਮਿਲੀ ਤਦ ਓਹ ਤੜਫ ਉਠੀ, ਰਾਜ ਨੂੰ ਇਸਤਰਾਂ ਗ਼ੈਰ ਕੌਮ ਦੇ ਹੱਥ ਚਲੇ ਜਾਣ ਤੋਂ ਹੰਝੂ ਭਰਕੇ ਰੋਈ ਤੇ ਪਾਸ ਬੈਠੇ ਸਰਦਾਰਾਂ ਨੂੰ ਕੋਸਿਆ ਕਿ ਤੁਹਾਡੀ ਹੀ ਨਿਮਕ ਹਰਾਮੀ ਨੇ ਇਹ ਦਿਨ ਦਸਿਆ ਹੈ, ਪਰ ਜੋ ਹੋਣਾ ਸੀ ਸੋ ਹੋ ਚੁਕਾ ਸੀ :—

ਹੁਣ ਪਛਤਾਏ ਕੀ ਬਣੇਂ ?<br>
ਜਦ ਚਿੜੀਆਂ ਚੁਗ ਲਿਆ ਖੇਤ।

ਤੇਜ ਸਿੰਘ ਲਸ਼ਕਰੀ ਜਿਸਨੇ ਸਿਖਾਂ ਨੂੰ ਜ਼ਬਰਦਸਤੀ ਅੰਗ੍ਰੇਜ਼ਾਂ ਦੇ ਟਾਕਰੇ ਤੇ ਲੈਜਾਣ ਤੇ ਤਬਾਹ ਕਰਾਣ ਵਿਚ ਕਿਸੇ ਤੋਂ ਘੱਟ ਹਿੱਸਾ ਨਹੀਂ ਲਿਆ ਸੀ, ਇਹ ਸਮਝ ਕਿ ਹੁਣ ਜੇ ਕੁਝ ਲਾਭ ਪੁਜ ਸਕਦਾ ਹੈ, ਤਦ ਰੈਜ਼ੀਡੈਂਟ ਤੋਂ ਹੀ ਅਪੜ ਸਕਦਾ ਹੈ, ਰੈਜ਼ੀਡੈਂਟ ਪਾਸ ਅਪੜ ਰਾਣੀ ਦੇ ਉਪ੍ਰੋਕਤ ਕਥਨ ਨੂੰ ਬੜਾ ਵਧਾਕੇ ਸੁਣਾਇਆ। ਰੈਜ਼ੀਡੈਂਟ ਲਾਰੰਸ ਸਾਹਿਬ ਸਨ, ਇਹਨਾਂ ਨੂੰ ਰਾਣੀ ਜਿੰਦਾਂ ਬਾਬਤ ਕਈ ਤਰਾਂ ਦੇ ਸ਼ੁਬੇ ਉਤਪਨ ਹੋਏ, ਇਨ੍ਹਾਂ ਇਕ ਚਿੱਠੀ ਵਿਚ ਲਿਖਯਾ ਕਿ ਰਾਣੀ ਦੇ ਪਾਸ ੧੫-੨੦ ਸਰਦਾਰਾਂ ਦਾ ਕਦੇ ਕਦੇ ਪ੍ਰਸ਼ਾਦ ਹੋਂਦਾ ਹੈ,

ਕਈ ਸਰਦਾਰ ਛੱਪ ਛੱਪ ਕੇ ਉਸਨੂੰ ਮਿਲਦੇ ਹਨ,ਚੂੰਕਿ ਮੇਰੇ ਤੇ ਮਹਾਰਾਜ ਰਣਜੀਤ ਸਿੰਘ ਦੇ ਪ੍ਰਵਾਰ ਦੀ ਮਾਨ ਮਰਯਾਦਾ ਦਾਭਾਰ ਹੈ, ਇਸ ਲਈ ਮੈਂ ਇਨ੍ਹਾਂ ਗੱਲਾਂ ਨੂੰ ਠੀਕ ਨਹੀਂ ਸਮਝਦਾ, ਅਗੋਂ ਨੂੰ ਰਾਣੀ ਆਪਣੀਆਂ ਸਖੀਆਂ ਸਹੇਲੀਆਂ ਤੋਂ ਬਿਨਾਂ ਕਿਸੇ ਨੂੰ ਨਾ ਮਿਲੇ।

ਰਾਣੀ ਨੇ ਇਸਦੇ ਉੱਤਰ ਵਿਚ ਇਕ ਬੜੀ ਨਿਮ੍ਰਤਾ ਭਰੀ ਚਿੱਠੀ ਵਿਚ ਆਪਣੀ ਸਫਾਈ ਪੇਸ਼ ਕੀਤੀ, ਜਿਸਤੋਂ ਰੈਜ਼ੀਡੈਂਟ ਨੂੰ ਕੁਝ ਯਕੀਨ ਵੀ ਹੋ ਗਿਆ ਕਿ ਰਾਣੀ ਨਿਰਦੋਸ਼ ਹੈ, ਕਿੰਤੂ ਤੇਜ ਸਿੰਘ ਵਰਗੇ ਚੁਗ਼ਲਖੋਰ ਜਿਨ੍ਹਾਂ ਨੂੰ ਇਸ ਖ਼ਾਨ ਦਾਨ ਦੀ ਤਬਾਹੀ ਵਿਚ ਹੀ ਕੁਝ ਮਿਲਣ ਦੀ ਆ ਸੀ, ਹੋਰ ਅਨੇਕਾਂ ਸ਼ਕਾਇਤਾਂ ਕਰਕੇ ਆਪਣੀ ਨਿਮਕ ਹਲਾਲੀ ਤੇ ਵਫਾਦਾਰੀ ਦਾ ਰੈਜ਼ੀਡੈਂਟ ਨੂੰ ਸਬੂਤ ਦੇਂਦੇ ਰਹੇ।

ਰਾਣੀ ਦੀ ਇਕ ਸਹੇਲੀ ਨੇ ਮੁਲਤਾਨ ਤੋਂ ਇਕ ਚਿੱਟਾਰੀਨਾਂ ਲਿਆਕੇ ਦਿਤਾ। ਰੈਜ਼ੀਡੈਂਟ ਸਾਹਿਬ ਨੂੰ ਸ਼ੁਭਾ ਹੋਗਿਆ, ਕਿ ਇਸ ਢੰਗ ਨਾਲ ਮੁਲਤਾਨ ਦੇ ਦੀਵਾਨ ਮੂਲ ਰਾਜ ਨੂੰ ਅੰਗ੍ਰੇਜ਼ਾਂ ਦੇ ਵਿਰੁਧ ਭੜਕਾਇਆ ਜਾ ਰਿਹਾ ਹੈ।

ਫਿਰ ਮਹਾਰਾਣੀ ਤੇ ਇਹ ਕਲੰਕ ਲੱਗਾ ਕਿ ਇਹ ਮਾਹਾਰਾਜਾ ਦਲੀਪ ਸਿੰਘ ਨੂੰ ਵਿਗਾੜਦੀ ਹੈ। ਤੇਜ ਸਿੰਘ ਦੀ ਕਾਰਗੁਜ਼ਾਰੀ ਤੋਂ ਪ੍ਰਸੰਨ ਹੋਕੇ ਸਿਆਲਕੋਟ ਦਾ ਇਲਾਕਾ ੩੦ ਹਜ਼ਾਰ ਦੀ ਜਾਗੀਰ ਸਮੇਤ ਰੈਜ਼ੀਡੈਂਟ ਨੇ ਬਖਸ਼ਿਆ। ਜਿਸ ਦਿਨ ਰਾਜਾ ਤੇਜ ਸਿੰਘ ਨੂੰ ਰਾਜ ਟਿੱਕਾ ਮਿਲਣ ਵਾਲਾ ਸੀ, ਓਸ ਦਿਨ ਮਹਾਰਾਜਾ ਦਲੀਪ ਸਿੰਘ ਦਰਬਾਰ ਵਿਚ ਦੇਰ ਨਾਲ ਅੱਪੜੇ,ਤੇਜ ਸਿੰਘ ਦੀਆਂ ਨਿਮਕ ਹਰਾਮੀਆਂ ਤੋਂ ਮਹਾ-ਰਾਜਾ ਸਾਹਿਬ ਨੇ ਜਾਣੂ ਹੋਣ ਕਰਕੇ ਟਿੱਕਾ ਲਗਾਣ ਤੋਂ

ਇਨਕਾਰ ਕਰ ਦਿਤਾ, ਇਹ ਵੀ ਮਹਾਰਾਣੀ ਦਾ ਕਸੂਰ ਸਮਝਿਆ ਗਿਆ, ਤੇ ਮਹਾਰਾਣੀ ਬਾਬਤ ਇਹ ਹੁਕਮ ਪਾਸ ਕਰਕੇ ਕਿ ਇਹ ਗਵਰਨਮੈਂਟ ਵਿਰੁਧ ਸਾਜ਼ਸ਼ਾਂ ਕਰਦੀ ਹੈ, ਇਸਨੂੰ ਸ਼ੇਖੂਪੁਰ ਦੇ ਕਿਲੇ ਵਿਚ ਭੇਜ ਦਿਤਾ ਗਿਆ, ਜਿਥੇ ਇਸ ਦੇ ਲਈ ੪੦੦੦ ਰੁਪਏ ਮਾਹਵਾਰ ਨੀਯਤ ਹੋਏ। ਇਸ ਕਿਲੇ ਦੇ ਨਿਰ ਜਨ ਇਲਾਕੇ ਵਿਚ ਅੱਗੇ ਸਖਤ ਬਦਮਾਸ਼ਾਂ ਨੂੰ ਭੇਜਿਆਂ ਜਾਇਆ ਕਰਦਾ ਸੀ। ਰਾਣੀ ਤੇ ਪੈਹਰੇਦਾਰ ਓਹ ਆਦਮੀ ਰੱਖੇ ਗਏ ਜਿਨ੍ਹਾਂ ਨਾਲ ਰਾਣੀ ਦੀ ਦੁਸ਼ਮਣੀ ਸੀ, ਸ੍ਰਦਾਰ ਜਮੀਤ ਸਿੰਘ ਨੇ ਰਾਣੀ ਦੀ ਇਸ ਤਰਸ ਯੋਗ ਹਾਲਤ ਲਈ ਪੁਕਾਰ ਕੀਤੀ ਪਰ ਬਿਅਰਥ ਗਈ।

ਇੱਥੇ ਗਿਆਂ ਮਹਾਰਾਣੀ ਨੂੰ ਥੋੜਾ ਫਿਰ ਹੋਇਆ ਸੀ ਕਿ ਇਨ੍ਹਾਂ ਤੇ ਇਕ ਸਾਜ਼ਸ ਕਰਨ ਦਾ ਦੂਸ਼ਣ ਲੱਗਾ, ਕਿਹਾ ਗਿਆ ਕਿ ਮਹਾਰਾਣੀ ਜਿੰਦਾਂ ਨੇ ਆਪਣੇ ਲਾਂਗਰੀ ਕਾਹਨ ਸਿੰਘ ਤੇ ਗੰਗਾਰਾਮ ਦੇ ਨਾਲ ਮਤਾ ਪਕਾਇਆ ਹੈ, ਕਿ ਓਹ ਅੰਗ੍ਰੇਜ਼ਾਂ ਦੇ ਨੌਕਰਾਂ ਨਾਲ ਮਿਲਕੇ ਉਹਨਾਂ ਦੇ ਖਾਣੇ ਵਿਚ ਜ਼ੈਹਰ ਮਿਲਾ ਦੇਣ, ਮਹਾਰਾਣੀ ਨੂੰ ਦੇਸ ਨਿਕਾਲੇ ਦੀ ਸਜ਼ਾ ਦੇਕੇ ਮਕਗ੍ਰੇਗਰ ਦੇ ਅਧੀਨ ਬਨਾਰਸ ਨੂੰ ਭੇਜਿਆ ਗਿਆ, ਗੰਗਾ ਰਾਮ, ਕਾਹਨ ਸਿੰਘ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ। ਰਾਣੀ ਤੇ ਫਿਰ ਓਹ ਹੀ ਸਾਜ਼ਸ਼ ਦੀ ਇਕ ਚਿੱਠੀ ਦਾ ਸ਼ੁਭਾ ਹੋਣ ਤੇ ਗੈਹਣੇ ਤੇ ਨਕਦੀ ਲੈ ਲਈ ਗਈ, ਤਨਖਾਹ ਘਟ ਗਈ ਤੇ ਸਖ਼ਤੀ ਵਧ ਗਈ।

ਮਹਾਰਾਣੀ ਜਿੰਦਾਂ! ਹਾਂ ਲਾਹੌਰ ਦੇ ਤਾਜ ਤਖ਼ਤ ਦੀ ਵਾਰਸ ਰਾਣੀ ਜਿੰਦਾਂ ਅੱਜ ਬਨਾਰਸ ਕੈਦ ਵਿਚ ਹੈ, ਡੋਗਰਿਆਂ ਤੇ ਲਾਲ ਸਿੰਘ ਤੇ ਤੇਜਾ ਸਿੰਘ ਦੇ ਕਹੇ ਤੇ

ਆਪਣੀ ਸੈਨਾਂ ਨੂੰ ਅੰਗ੍ਰੇਜ਼ਾਂ ਦੇ ਗਲੇ ਪਾਕੇ ਮਰਵਾਣ ਦੀ ਗੌਂਦ ਗੁੰਦ ਕੌਮ ਤੇ ਦੇਸ਼ ਨਾਲ ਜੋ ਧ੍ਰੋਹ ਇਸਨੇ ਕੀਤਾ ਸੀ, ਕੀ ਉਸਦਾ ਫਲ ਇਸ ਨੂੰ ਕੁਝ ਨਹੀਂ ਮਿਲਣਾ ਚਾਹੀਦਾ ਸੀ?

## ੯.

"ਹੋਨਹਾਰ ਹਿਰਦੇ ਵਸੇ ਵਿਸਰ ਜਾਏ ਸਭ ਬੁੱਧ"

ਦੀਵਾਨ ਮੂਲਰਾਜ ਰਾਜਾ ਹੀਰਾ ਸਿੰਘ ਦੇ ਵੇਲੇ ਤੋਂ ਮੁਲਤਾਨ ਦਾ ਗਵਰਨਰ ਚਲਿਆ ਆਉਂਦਾ ਸੀ, ਇਸਤੋਂ ਪਹਿਲਾਂ ਇਸਦਾ ਪਿਤਾ ਇਥੇ ਗਵਰਨਰ ਸੀ,ਕਿੰਤੂ ਇਸ ਨੇ ਇਸ ਲੰਮੀ ਮੁੱਦਤ ਵਿਚ ਖ਼ਰਾਜ ਤੇ ਭੇਟ ਦੀ ਕੋਈ ਰੱਕਮ ਖ਼ਜਾਨੇ ਵਿਚ ਦਾਖ਼ਲ ਨਹੀਂ ਕੀਤੀ ਸੀ, ਲਾਹੌਰ ਕੌਂਸਲ ਵਲੋਂ ਸੱਦਣ ਤੇ ਇਸਨੇ ਆਕੇ ਅਸਤੀਫ਼ਾ ਦੇ ਦਿਤਾ, ਪੁਛਣ ਤੇ ਅਸਤੀਫ਼ਾ ਦੇਣ ਦੇ ਦੋ ਕਾਰਨ ਦਸੇ -(੧) ਮਾਮਲੇ ਦਾ ਜ਼ਿਆਦਾ ਹੋਣਾ (੨ ਦੀਵਾਨੀ ਤੇ ਫੌਜਦਾਰੀ ਫੈਸਲਾ ਕੀਤੇ ਮੁਕੱਦਮਿਆਂ ਦੀ ਲਾਹੌਰ ਅਪੀਲ ਹੋਣ ਤੋਂ ਮੇਰੀ ਪਤ ਨਹੀਂ ਰੈਂਹਦੀ,ਇਸ ਵਾਸਤੇ ਮਾਲੀਆ ਵਸੂਲ ਨਹੀ ਹੋਂਦਾ, ਜਾਨ ਲਾਰੰਸ ਨੇ ਇਸ ਦੇ ਅਸਤੀਫੇ ਦੀ ਗੱਲ ਚਿਤ ਵਿਚ ਹੀ ਰੱਖੀ, ਛੀ ਮਹੀਨੇ ਪਿਛੋਂ ਫਿਰ ਜਦ ਰਕਮ ਮੰਗੀ ਤਦ ਉਸਨੇ ਆਪਣਾ ਦਿਤਾ ਅਸਤੀਫ਼ਾ ਯਾਦ ਕਰਾਇਆ,ਹੁਣ ਰੈਜ਼ੀਡੰਟ ਨੇ ਇਹ ਅਸਤੀਫ਼ਾ ਕੌਂਸਲ ਵਿਚ ਪੇਸ਼ ਕਰ ਦਿਤਾ, ਜਿਸ ਨੂੰ ਪ੍ਰਵਾਨ ਕਰਕੇ ਕਾਹਨ ਸਿੰਘ ਨੂੰ ਉਥੋਂ ਦਾ ਦੀਵਾਨ ਬਣਾਣ ਲਈ ਮਿਸਟਰ ਐਗਨੀਊ, ਤੇ

ਐਂਡਰਸਨ ੬੦੦ ਸਿਖ ਤੇ ੬੦੦ ਗੋਰਖਿਆਂ ਨਾਲ ਮੁਲਤਾਨ ਵੱਲ ਕੂਚ ਕੀਤਾ , ਇਨ੍ਹਾਂ ਦੇ ਮੁਲਤਾਨ ਅਪੜਨ ਤੇ ਦੀਵਾਨ ਨੇ ਚੰਗੀ ਤਰਾਂ ਸਵਾਗਤ ਕੀਤਾ, ਮੁਲਤਾਨ ਦਾ ਕਿਲਾ ਨਵੇਂ ਦੀਵਾਨ ਨੂੰ ਖੁਸ਼ੀ ਖੁਸ਼ੀ ਸੌਂਪ ਦਿਤਾ, ਸਭ ਅਸਥਾਨਾਂ ਦੀਆਂ ਕੁੰਜੀਆਂ ਵੀ ਦੇ ਦਿਤੀਆਂ, ਪਰ ਪਿਛਲੇ ਦਸ ਵਰਿਹਾਂ ਦਾ ਹਿਸਾਬ ਦੇਣ ਵਿਚ ਸੰਕੋਚ ਕੀਤਾ। ਕਿੰਤੂ ਜਦ ਐਗਨਯੂ ਤੇ ਐਂਡਰਸਨ ਕਿਲੇ ਤੋਂ ਬਾਹਰ ਨਿਕਲੇ ਤਦ ਉਸ ਸਮੇਂ ਹੱਤਯਾਰੇ ਅਮੀਰ ਚੰਦ ਨੇ ਇਨ੍ਹਾਂ ਤੇ ਹਮਲਾ ਕਰਕੇ ਫੱਟੜ ਕਰ ਦਿਤਾ। ਮੂਲਰਾਜ ਨੇ ਆਪਣੇ ਸਾਲੇ ਨੂੰ ਕੇਹ ਇਨ੍ਹਾਂ ਦੋਨਾਂ ਅੰਗ੍ਰੇਜ਼ਾਂ ਨੂੰ ਡੇਰੇ ਅਪੜਾਇਆ,ਕਿਸੇ ਨੇ ਦੀਵਾਨ ਦੇ ਸਾਲੇ ਨੂੰ ਫੱਟੜ ਕਰ ਦਿਤਾ। ਫਿਰ ਮੂਲਰਾਜ ਵੀ ਬਾਗੀਆਂ ਨਾਲ ਮਿਲ ਗਿਆ। ਰਾਜ ਵਿਦਰੋਹੀਆਂ ਨੇ ਦੋ ਅੰਗ੍ਰੇਜ਼ਾਂ ਨੂੰ ਮਾਰ ਦਿਤਾ। ਨਵੇਂ ਦੀਵਾਨ ਨੂੰ ਪੁੱਤਰਾਂ ਸਹਿਤ ਫੜ ਲਿਆ, ਤੇ ਹਰ ਪਾਸੇ ਖ਼ੂਨ ਖਰਾਬੀ ਮਚਾ ਦਿਤੀ, ਕੁਝ ਸਿੱਖ ਵੀ ਮੂਲ ਰਾਜ ਦੇ ਝੰਡੇ ਹੇਠ ਆ ਜੁੜੇ,ਲਫਟੰਟ ਐਂਡਰਸਨ ਨੇ ਬਹਾਵਲਪੁਰ ਦੇ ਨਵਾਬ ਦੀ ਸੈਨਾਂ ਨਾਲ ਇਸ ਵਿਦ੍ਰੋਹ ਨੂੰ ਦਬਾਣਾ ਚਾਹਿਆ, ਅਨੇਕਾਂ ਅਸਥਾਨਾਂ ਤੇ ਜੰਗ ਹੋਇਆ, ਪ੍ਰੰਤੂ ਅੰਗ੍ਰੇਜ਼ ਸੈਨਾਂ ਨੂੰ ਪਿਛੋਂ ਮਦਦ ਨਾ ਮਿਲਣ ਤੋਂ ਝਗੜਾ ਵੱਧਦਾ ਹੀ ਗਿਆ,ਤੇ ਮੂਲਰਾਜ ਨੂੰ ਆਪਣੀ ਸ਼ਕਤੀ ਵਧਾਣ ਦਾ ਮੌਕਾ ਮਿਲ ਗਿਆ।

ਪੰਜਾਬ ਦੇ ਰੈਜ਼ੀਡੰਟ ਮਿਸਟਰ ਲਾਰੰਸ ਤੇ ਹਿੰਦ ਦੇ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਪੰਜਾਬ ਤੇ ਅਧਿਕਾਰ ਪਾਣ ਮਗਰੋਂ ਨਰਮੀ ਦਾ ਵਰਤਾਉ ਰੱਖਯਾ ਸੀ, ਕਿੰਤੂ ਰੈਜ਼ੀਡੰਟ ਮਿਸਟਰ ਕਰੀ ਤੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੇ ਹੋ ਜਾਣ ਤੇ ਸਖਤੀ ਦਾ ਦੌਰ ਸ਼ੁਰੂ ਹੋ ਗਿਆ,ਰਾਣੀ

ਜਿੰਦਾਂ ਨੂੰ ਮਿਸਟਰ ਕ੍ਰੀ ਨੇ ਹੀ ਸ਼ੇਖੂ ਪੁਰੇ ਭਜਵਾਇਆ ਸੀ ।

ਸਿੱਖਾਂ ਦੇ ਵਿੱਚ ਰਾਣੀ ਜਿੰਦਾਂ ਦੇ ਮਾਮਲੇ ਤੋਂ ਕੁਝ ਉਦਾਸੀਨਤਾ ਜਹੀ ਉਤਪਨ ਹੋ ਗਈ ਸੀ । ਸ੍ਰਦਾਰ ਚਤਰ ਸਿੰਘ ਅਟਾਰੀ ਵਾਲਾ ਜੋ ਹਜ਼ਾਰੇ ਦੇ ਜ਼ਿਲੇ ਵਿਚ ਸੀ ਤੇ ਅੰਗ੍ਰੇਜ਼ਾਂ ਦਾ ਬੜਾ ਹਿਤੂ ਸੀ ਵਿਗੜ ਬੈਠਾ, ਸ੍ਰ: ਚਤਰ ਸਿੰਘ ਦਾ ਲੜਕਾ ਸ੍ਰ: ਸ਼ੇਰ ਸਿੰਘ ਲਾਹੌਰ ਸੈਨਾਂ ਦਾ ਸੈਨਾਂ ਪਤੀ ਸੀ ।

ਸ੍ਰ: ਚਤਰ ਸਿੰਘ ਦੇ ਭੜਕ ਉਠਣ ਦੇ ਦੋ ਕਾਰਨ ਸਨ:—

(੧) ਸ੍ਰ: ਚਤਰ ਸਿੰਘ ਦੀ ਲੜਕੀ ਮਹਾਰਾਜਾ ਦਲੀਪ ਸਿੰਘ ਨਾਲ ਮੰਗੀ ਹੋਈ ਸੀ, ਸ੍ਰ: ਚਤਰ ਸਿੰਘ ਦੀ ਇੱਛਾ ਸੀ ਕਿ ਛੇਤੀ ਹੀ ਵਿਆਹ ਹੋ ਜਾਏ,ਕਿੰਤੂ ਇਹ ਗੱਲ ਨਾ ਮੰਨੀ ਗਈ ।

(੨) ਸ੍ਰ: ਚਤਰ ਸਿੰਘ ਹਜ਼ਾਰੇ ਦੇ ਜ਼ਿਲੇ ਦਾ ਹਾਕਮ ਸੀ, ਓਥੇ ਮੁਸਲਮਾਨਾਂ ਦੀ ਵੱਸੋਂ ਬਹੁਤ ਹੈ, ਜਿਸਦਾ ਕੋਈ ਨਾ ਕੋਈ ਝਗੜਾ ਸ਼ੁਰੂ ਹੀ ਰੈਂਹਦਾ ਸੀ,ਲਾਹੌਰ ਦਰਬਾਰ ਵੱਲੋਂ ਇਬਟ ਸਾਹਿਬ ਸ੍ਰ: ਚਤਰ ਸਿੰਘ ਦੀ ਸਹਾਇਤਾ ਲਈ ਗਏ, ਕਿੰਤੂ ਇਨ੍ਹਾਂ ਦੀ ਸਰਦਾਰ ਚਤਰ ਸਿੰਘ ਨਾਲ ਬਣ ਨਾ ਆਈ, ਐਥੋਂ ਤੱਕ ਸੰਦੇਹ ਹੋ ਗਿਆ ਕਿ ਸ੍ਰ: ਚਤ੍ਰ ਸਿੰਘ ਨੂੰ ਹੀ ਇਬਟ ਸਾਹਿਬ ਵਿਦਰੋਹੀ ਸਮਝਣ ਲੱਗ ਪਿਆ, ਰੇਜ਼ੀਡੈਂਟ ਨੇ ਕਪਤਾਨ ਇਬਟ ਤੇ ਸਰਦਾਰ ਚਤਰ ਸਿੰਘ ਦੋਹਾਂ ਤੋਂ ਝਗੜੇ ਦੀ ਬਾਬਤ ਬਿਆਨ ਮੰਗਿਆ, ਕਪਤਾਨ ਤੇ ਸਰਦਾਰ ਦਾ ਝਗੜਾ ਐਥੋਂ ਤੱਕ ਵਧ ਗਿਆ ਕਿ ਸ੍ਰਦਾਰ ਨੂੰ ਬ੍ਰਿਟਸ਼ ਸ਼ਾਸਨ ਦੀ ਏਲਾਨੀਆ ਵਿਰੋਧਤਾ ਕਰਨੀ ਪਈ, ਪਿਤਾ ਦਾ ਇੰਨਾਂ ਝਗੜਾ ਵਧ ਜਾਣ ਤੇ ਵੀ ਸ: ਸ਼ੇਰ ਸਿੰਘ ਅੰਗ੍ਰੇਜ਼ਾਂ ਦਾ ਮਿੱਤਰ ਬਣਿਆਂ

ਰਿਹਾ,ਤੇ ਮੁਲਤਾਨ ਦੇ ਦੀਵਾਨ ਨਾਲ ਅੰਗ੍ਰੇਜ਼ਾਂ ਵੱਲੋਂ ਲੜਦਾ ਰਿਹਾ। ਕਈ ਵੇਰ ਅੰਗ੍ਰੇਜ਼ੀ ਸੈਨਾਂ ਨੂੰ ਜਦ ਕਿ ਓਹ ਦੁਸ਼ਮਨ ਦੇ ਨਰਗੇ ਵਿੱਚ ਚੰਗੀ ਤਰਾਂ ਫਸੀ ਹੋਂਦੀ ਸੀ ਕੱਢਕੇ ਲਿਆਇਆ। ਇਕ ਵੇਰ ਦੀਵਾਨ ਮੂਲਰਾਜ ਨੇ ਇਕ ਦੂਤ ਸ਼ੇਰ ਸਿੰਘ ਪਾਸ ਭੇਜਿਆ ਕਿ ਤੁਸੀ ਮੇਰੇ ਨਾਲ ਮਿਲ ਜਾਓ,ਪ੍ਰੰਤੂ ਸਰਦਾਰ ਸ਼ੇਰ ਸਿੰਘ ਨੇ ਦੂਤ ਦਾ ਮੂੰਹ ਕਾਲਾ ਕਰਕੇ ਬਾਹਰ ਕੱਢ ਦਿੱਤਾ, ਇੰਨਾਂ ਕੁਝ ਕਰਨ ਤੇ ਵੀ ਜੋ ਸਲੂਕ ਉਸਦੇ ਪਿਤਾ ਨਾਲ ਹੋ ਰਿਹਾ ਸੀ ਉਸਤੋਂ ਇਨ੍ਹਾਂ ਨੂੰ ਬੜੀ ਨਿਰਾਸਤਾ ਹੋਈ। ਪ੍ਰਸੀਗ੍ਰੇਜ਼ ਅੰਗ੍ਰੇਜ਼ ਇਨ੍ਹਾਂ ਦੇ ਨਾਲ ਰੈਹਣ ਲਈ ਭੇਜਯਾ ਗਿਆ।

ਮਿਸਟਰ ਐਡਵਰਡਜ਼ ਵੱਲੋਂ ਮਿਸਟਰ ਪ੍ਰਸੀਗ੍ਰੇਜ਼ ਨੂ ਸ੍ਰ: ਸ਼ੇਰ ਸਿੰਘ ਦੇ ਲਸ਼ਕਰ ਵਿਚ ਜਾਣ ਲਈ ਹੇਠ ਲਿਖੀ ਚਿਠੀ ਮਿਲੀ ਸੀ:--

"ਮਿਸਟਰ ਗ੍ਰੇਜ਼! ਮੇਰੇ ਖਿਆਲ ਵਿੱਚ ਇਹ ਚੰਗਾ ਹੋਵੇਗਾ ਕਿ ਤੁਸੀ ਸ਼ੇਰ ਸਿੰਘ ਦੇ ਪਾਸ ਚਲੇ ਜਾਓ,ਇਸ ਵੇਲੇ ਓਹ ਬੜੀ ਮੁਸ਼ਕਲ ਵਿੱਚ ਫਸਿਆ ਹੋਇਆ ਹੈ , ਇਕ ਅੰਗ੍ਰੇਜ਼ ਅਫਸਰ ਦਾ ਓਸਦੇ ਨਾਲ ਰੈਹਣਾ ਉਚਿਤ ਹੈ, ਪ੍ਰੰਤੂ ਇਹ ਅਸੰਭਵ ਹੈ ਕਿ ਓਹ ਆਪਣੀ ਗੱਲ ਤੇ ਕਾਇਮ ਰੇਹ ਸੱਕੇ,ਕਿਓਂਕਿ ਓਹ ਆਪਣੇ ਪਿਤਾ ਦੇ ਹੁਕਮ ਨੂੰ ਨਹੀਂ ਟਲ ਸੱਕੇਗਾ, ਜੇ ਓਸਨੇ ਇਹ ਟਾਲ ਵੀ ਦਿਤਾ,ਤਦ ਸੰਭਵ ਨਹੀਂ ਕਿ ਆਪਣੀ ਮਜ਼ਹਬੀ ਤੇ ਕੋਮੀ ਦਰਖਾਸਤ ਨੂੰ ਅਪਰਵਾਨ ਕਰ ਸੱਕੇ। ਫਿਰ ਓਹ ਇਹ ਵੀ ਚੰਗੀ ਤਰਾਂ ਜਾਣਦਾ ਹੈ ਕਿ ਉਸਦੀ ਸਿਪਾਹ ਵਿਗੜੀ ਬੈਠੀ ,ਇਸ ਕਰਕੇ ਉਸਨੂੰ ਜ਼ਰੂਰ ਅੰਗ੍ਰੇਜ਼ਾਂ ਦੀ ਦੋਸਤੀ ਛੱਡਣੀ ।, ਭਾਵੇਂ ਉਸਦੇ ਨਾਲ ਰੈਹਣ ਵਿੱਚ ਖਤਰਾ ਹੈ ਪ੍ਰੰਤੂ ਖਤਰਾ ਨਹੀਂ"।

ਅੰਗ੍ਰੇਜ਼ ਨੂੰ ਆਪਣੇ ਨਾਲ ਲੱਗਾ ਵੇਖਕੇ ਸ਼ੇਰ ਸਿੰਘ ਦੇ ਦਿਲ ਤੇ ਹੋਰ ਵੀ ਸੱਟ ਵੱਜੀ ਕਿੰਤੂ, ਓਹ ਇਸ ਖਿਆਲ ਤੇ ਰਹੇ ਕਿ ਸਾਡੇ ਨਾਲ ਜ਼ਰੂਰ ਇਨਸਾਫ ਹੋਵੇਗਾ, ਪਰ ਅੰਤ ਨੂੰ ਇਹ ਸ੍ਰੋਤ ਕੰਨੀ ਪਈ ਕਿ ਹਜ਼ਾਰੇ ਦੇ ਜ਼ਿਲੇ ਦੀ ਉਨ੍ਹਾਂ ਦੀ ਜਗੀਰ ਜ਼ਬਤ ਕਰ ਲਈ ਗਈ ਹੈ,ਜਿਸਤੋਂ ਓਹ ਬੀ ਵਿਗੜ ਬੈਠੇ,ਤੇ ੫ ਸਤੰਬਰ ੧੮੪੬ ਨੂੰ ਦੀਵਾਨ ਨੇ ਮੱਦਤ ਲਈ ਕਿਹਾ, ਤੇ ਉਸ ਨਾਲ ਮਿਲ ਗਿਆ, ਅੰਗ੍ਰੇਜ਼ੀ ਸੈਨਾਂ ਨੇ ਇਸ ਵੇਲੇ ਲੜਾਈ ਨੂੰ ਵਧਣਾ ਪਸੰਦ ਨਾ ਕੀਤਾ, ਮੁਲਤਾਨ ਦਾ ਘੇਰਾ ਚੁਕ ਲਿਆ,ਜਦ ਬੰਬਈ ਤੋਂ ਸੈਨਾਂ ਆ ਗਈ ਤਦ ੭ ਦਸੰਬਰ ਨੂੰ।ਫਰ ਮੁਲਤਾਨ ਸ਼ੈਹਰ ਨੂੰ ਘੇਰਾ ਪਾ ਲਿਆ,ਲੜਾਈ ਸ਼ੁਰੂ ਹੋ ਗਈ,ਮੂਲਰਾਜ ਨੇ ਹਾਰ ਮੰਨੀ ਤੇ ਕਿਲੇ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋਗਿਆ, ੨੨ ਜਨਵਰੀ ੧੮੪੯ ਨੂੰ ਦੀਵਾਨ ਮੂਲਰਾਜ ਨੇ ਅਪਣੇ ਆਪ ਨੂੰ ਅੰਗ੍ਰੇਜ਼ਾਂ ਦੇ ਹਵਾਲੇ ਕਰ ਦਿਤਾ, ਜਿਸਨੂੰ ਦੇਸ ਨਿਕਾਲੇ ਦੀ ਸਜ਼ਾ ਦੇਕੇ ਬਨਾਰਸ ਭੇਜ ਦਿੱਤਾ ਗਿਆ।

## ੧੦.

ਧੌਂਸੇ ਲੱਗੀ ਚੋਟ, ਜੂਹਾਂ ਰੁੰਜੀਆ,
ਰੱਖ ਰੱਬ ਦੀ ਓਟ, ਸੂਰੇ ਆ ਜੁੜੇ।

ਹਜ਼ਾਰੇ ਦੇ ਜ਼ਿਲੇ ਵਿੱਚ ਸ੍ਰ: ਚਤਰ ਸਿੰਘ ਦੀ ਸੈਨਾਂ ਨਾਲ ਕੁਝ ਚਿਰ ਤੋਂ ਅੰਗ੍ਰੇਜ਼ਾਂ ਦੇ ਟਾਕਰੇ ਹੋ ਰਹੇ ਸਨ, ੨੪

ਅਕਤੂਬਰ ੧੮੪੯ ਨੂੰ ਪਿਸ਼ਾਵਰ ਦੀ ਸਿੱਖ ਫੌਜ ਉਹਨਾਂ ਦੇ ਨਾਲ ਜਾ ਮਿਲੀ, ਜਿਸਤੋਂ ਸ: ਚਤਰ ਸਿੰਘ ਦੀ ਸੈਨਾਂ ਦੀ ਗਿਣਤੀ ਵਧ ਗਈ, ਮੇਜਰ ਜਾਰਜ ਲਾਰੰਸ ਹੁਣ ਇਹਨਾਂ ਨਾਲ ਟਾਕਰੇ ਦੀ ਸਮਰੱਥਾ ਨਾ ਵੇਖ ਆਪਣੀ ਜਾਨ ਬਚਾਣ ਲਈ ਕੁਹਾਟ ਨੱਸ ਗਏ, ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਂ ਦਾ ਭਰਾ ਸੁਲਤਾਨ ਮੁਹੰਮਦ ਖਾਂ ਕੁਹਾਟ ਦਾ ਹਾਕਮ ਸੀ, ਲਾਹੌਰ ਦੇ ਵਿੱਚ ਜਦ ਝਗੜਾ ਪਿਆ ਸੀ ਤਦ ਮੇਜਰ ਲਾਰੰਸ ਦੀ ਮੇਮ ਵੀ ਨੱਸ ਕੇ ਕੁਹਾਟ ਹੀ ਚਲੀ ਗਈ ਹੋਈ ਸੀ, ਇਸ ਕਰਕੇ ਵੀ ਲਾਰੰਸ ਤੇ ਉਸਦੇ ਸਾਥੀਆਂ ਨੇ ਕੁਹਾਟ ਜਾਣਾ ਪਸੰਦ ਕੀਤਾ, ਕਿੰਤੂ ਇਹਨਾਂ ਦੇ ਕੁਹਾਟ ਜਾਣ ਤੇ ਨਤੀਜਾ ਉਲਟ ਨਿਕਲਜਾ, ਸੁਲਤਾਨ ਮੁਹੰਮਦ ਖਾਂ ਨੇ ਅੰਗ੍ਰੇਜ਼ਾਂ ਦੀ ਸਹਾਇਤਾ ਕਰਨ ਦੇ ਬਦਲੇ ਜਿੰਨੇ ਅੰਗ੍ਰੇਜ਼ ਅਫਸਰ ਤੇ ਮੇਮਾਂ ਉਸਦੇ ਪਾਸ ਸਨ, ਸ: ਚਤਰ ਸਿੰਘ ਦੇ ਹਵਾਲੇ ਕਰ ਬਦਲੇ ਵਿੱਚ ਪਿਸ਼ਾਵਰ ਦਾ ਕੁਝ ਹਿੱਸਾ ਲੈ ਲਿਆ।

ਪਿਸ਼ਾਵਰ ਦੀ ਫੌਜ ਸ: ਚਤਰ ਸਿੰਘ ਤੇ ਸ: ਸ਼ੇਰ ਸਿੰਘ ਦੀ ਸੈਨਾਂ ਦੇ ਨਾਲ ਆ ਮਿਲਣ ਤੋਂ ਅੰਗ੍ਰੇਜ਼ਾਂ ਦਾ ਤੌਖਲਾ ਵਧ ਗਿਆ, ਗਵਰਨਰ ਜਨਰਲ ਬਹੁਤ ਚਿੰਤਾਤੁਰ ਹੋਏ, ਪ੍ਰਧਾਨ ਸੈਨਾਂਪਤ ਲਾਰਡ ਗਫ ਨੂੰ ਫੀਰੋਜ਼ਪੁਰ ਵਿੱਚ ਸੈਨਾਂ ਇਕੱਠੀ ਕਰਨ ਦਾ ਹੁਕਮ ਦੇ ਉੱਤਰ ਤੇ ਪੱਛਮ ਦੇ ਇਲਾਕੇ ਵੱਲ ਵਧੇ, ਯੁਧ ਛੇਤਰ ਵਿੱਚ ਕਦਮ ਰੱਖ ਲਾਰਡ ਗਫ ਨੇ ਝਨਾਂ ਦੇ ਕੰਢੇ ਵੱਲ ਫੌਜ ਅੱਗੇ ਕੀਤੀ।

ਝਨਾਂ ਦੇ ਕੰਢੇ ਤੇ ਰਾਮ ਨਗਰ ਸ: ਸ਼ੇਰ ਸਿੰਘ ਦੀ ਛਾਉਣੀ ਸੀ, ਝਨਾਂ ਦੇ ਵਿੱਚੋਂ ਡਿੰਗਾ ਹੋਕੇ ਵਗਣ ਦੇ ਕਾਰਨ

ਇਹ ਜਗ੍ਹਾ ਇੱਕ ਟਾਪੂ ਦੀ ਸ਼ਕਲ ਵਿੱਚ ਬਣੀ ਹੋਈ ਸੀ, ਦੋਨੀਂ ਪਾਸੀਂ ਨਦੀ ਦਾ ਪਾਣੀ ਆ ਜਿੱਥੇ ਮਿਲਦਾ ਸੀ ਉਸ ਦੇ ਵਿਚਕਾਰ ਸਿੱਖ ਸੈਨਾਂ ਉਤਰੀ ਹੋਈ ਸੀ, ਲਾਰਡ ਗਫ ਦੀ ਫੌਜ ਨੇ ਅੱਪੜਦੇ ਹੀ ਸਿੱਖ ਸੈਨਾਂ ਨੂੰ ਦਰਯਾ ਤੋਂ ਪਾਰ ਕਰਨ ਦਾ ਨਿਸ਼ਚਾ ਕੀਤਾ, ਇੱਕ ਪੈਦਲ ਫੌਜ ਦੇ ਨਾਲ ਲਾਰਡ ਕਲਾਇਵ ਨੂੰ ਅੱਗੇ ਵਧਣ ਦੀ ਆਗਜਾ ਦਿੱਤੀ ਗਈ, ਉਹਨਾਂ ਦੇ ਨਾਲ ਇੱਕ ਰਸਾਲਾ (ਘੋੜ ਚੜ੍ਹੀ ਫੌਜ) ਤੇ ਘੋੜਜਾਂ ਦੇ ਪਿੱਛੇ ਜੁੜੀਆਂ ਹੋਈਆਂ ਤੋਪਾਂ ਦੇ ਨਾਲ ਤਿੰਨ ਤੋਪਖਾਨੇ ਬਰਗੇਡੀਅਰ ਕੀਉਰਟਨ ਦੇ ਅਧੀਨ ਵਧਣ ਲੱਗੇ। ਕਿੰਤੂ ਰਾਮ ਨਗਰ ਅੱਪੜਨ ਤੇ ਅੰਗ੍ਰੇਜ਼ਾਂ ਨੂੰ ਸਿੱਖ ਸੈਨਾਂ ਕਿਤੇ ਨਜ਼ਰ ਨਹੀਂ ਪਈ, ਜਿਸਤੋਂ ਅੰਗ੍ਰੇਜ਼ ਨਦੀ ਵੱਲ ਵਧਣ ਲੱਗੇ। ਅੰਗ੍ਰੇਜ਼ਾਂ ਦਾ ਸਿੱਖਾਂ ਬਾਬਤ ਕੁਝ ਪਤਾ ਲਏ ਬਿਨਾਂ ਇਸੇ ਤਰਾਂ ਅੱਗੇ ਵਧਣਾ ਮੁਸੀਬਤ ਦਾ ਕਾਰਨ ਬਣ ਗਿਆ, ਕਿਉਂਕਿ ਉਹਨਾਂ ਦੇ ਸਾਮ੍ਹਣੇ ਹੀ ਸਿੱਖਾਂ ਦੀਆਂ ੬੮ ਤੋਪਾਂ ਇੱਕ ਕਤਾਰ ਵਿੱਚ ਰੱਖੀਆਂ ਸਨ, ਅੰਗ੍ਰੇਜ਼ਾਂ ਨੂੰ ਅੱਗੇ ਵਧਦਾ ਵੇਖਕੇ ।ਸਿੱਖਾਂ ਨੇ ਗੋਲੇ ਵਸਣੇ ਸ਼ੁਰੂ ਕੀਤੇ, ਅੱਗੇ ਵਧਦੇ ਹੋਏ ਅੰਗ੍ਰੇਜ਼ਾਂ ਗੋਲੰਦਾਜ਼ੀ ਦੀ ਚਾਲ ਰੋਕੀ, ਅੰਗ੍ਰੇਜ਼ਾਂ ਦੀ ਇੱਕ ਤੋਪ ਸਿੱਖਾਂ ਨੇ ਖੋਹ ਲਈ, ਅੰਗ੍ਰੇਜ਼ੀ ਫੌਜ ਪਿੱਛੇ ਹਟਣ ਲਈ ਮਜਬੂਰ ਹੋਈ। ਇਸ ਸਮੇਂ ਅੰਗ੍ਰੇਜ਼ਾਂ ਦੀਆਂ ਲੜਾਈ ਦੇ ਸਾਮਾਨ ਦੀਆਂ ਭਰੀਆਂ ਹੋਈਆਂ ਦੋ ਗੱਡੀਆਂ ਉਲਟ ਕੇ ਨਦੀ ਦੇ ਵਿੱਚ ਜਾ ਪਈਆਂ, ਤਿੰਨ ਤੋਂ ਚਾਰ ਹਜ਼ਾਰ ਦੇ ਵਿਚਕਾਰ ਘੋੜਚੜ੍ਹੀ ਸਿੱਖ ਸੈਨਾਂ ਨੇ ਅੰਗ੍ਰੇਜ਼ਾਂ ਉੱਤੇ ਧਾਵਾ ਕੀਤਾ,ਕਿੰਤੂ ਇਸ ਹਮਲੇ ਦਾ ਫਲ ਉਹਨਾਂ ਲਈ ਹਾਨੀ ਕਾਰਕ ਨਿਕਲਜਾ। ਕਰਨਲ ਹੈਵਲਕ ਦੀ ਸੈਨਾਂ ਦੇ

ਟਾਕਰੇ ਤੋਂ ਸਿੱਖਾਂ ਨੂੰ ਪਿੱਛੇ ਹਟਣਾ ਪਿਆ । ਦੂਜੀ ਵਾਰ ਤੇ ਤੀਜੀ ਵਾਰ ਫਿਰ ਸਿੱਖਾਂ ਧਾਵਾ ਕੀਤਾ, ਇਨ੍ਹਾਂ ਧਾਵਿਆਂ ਤੋਂ ਅੰਗ੍ਰੇਜ਼ੀ ਸੈਨਾਂ ਦੇ ਪੈਰ ਫਿਰ ਉੱਖੜ ਗਏ, ਲਾਰਡ ਗਫ਼ ਨੇ ਆਪਣੀ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ, ਬ੍ਰਗੇਡੀਅਰ ਕੀਓਰਟਨ ਦੇ ਮੂੰਹ ਵਿੱਚੋਂ ਪਿੱਛੇ ਹਟਣ ਦਾ ਹੁਕਮ ਸੈਨਾਂ ਲਈ ਨਿਕਲਜਾ ਹੀ ਸੀ ਕਿ ਉਹਨਾਂ ਨੂੰ ਗੋਲੀ ਲੱਗੀ ਜੋ ਮੌਤ ਦਾ ਕਾਰਨ ਹੋਈ। ਇਸ ਵੇਲੇ ਕਰਨਲ ਹੇਵਲ ਵੀ ਮਾਰੇ ਗਏ, ਕਪਤਾਨ ਫਿਜੇਰਾਲਡ ਵੀ ਭਯਾਨਕ ਰੂਪ ਵਿੱਚ ਫੱਟੜ ਹੋਏ, ਜਿਸਤੋਂ ਅੰਗ੍ਰੇਜ਼ੀ ਫੌਜ ਵਿੱਚ ਨਿਰਾਸਤਾ ਛਾ ਗਈ ਤੇ ਅੰਗ੍ਰੇਜ਼ਾਂ ਨੂੰ ਭਾਜੜ ਪੈ ਗਈ। ਕਰਨਲ ਕੀਓਰਟਨ ਤੇ ਕਰਨਲ ਹਿਯੂਲਾਕ ਮਾਰੇ ਗਏ ।

ਕੋਈ ੪ ਬਜੇ ਜਨਰਲ ਥੇਕੂਲ ਨੇ ਅਫ਼ਸਰਾਂ ਤੋਂ ਸਲਾਹ ਲਈ ਕਿ ਕੀ ਹਮਲਾ ਕੀਤਾ ਜਾਵੇ? ਤਦ ਸਾਰਿਆਂ ਨੇ ਇਨਕਾਰ ਕੀਤਾ । ਗੋਲਾ ਤੇ ਬਾਰੂਦ ਵੀ ਮੁਕ ਚੁੱਕਾ ਸੀ, ਇਸ ਕਰਕੇ ਇਹ ਹੀ ਉੱਚਤ ਸਮਝਿਆ ਗਿਆ ਕਿ ਜਿੱਥੇ ਹਾਂ ਰਾਤ ਉਥੇ ਹੀ ਕੱਟੀ ਜਾਏ । ੨ ਦਸੰਬਰ ਨੂੰ ਸ਼ੇਰ ਸਿੰਘ ਨੇ ਅੰਗ੍ਰੇਜ਼ਾਂ ਤੇ ਸਾਦੁੱਲਾ ਪੁਰ ਹਮਲਾ ਕੀਤਾ, ਪਰ ਕਾਮਯਾਬ ਨਾਂ ਹੋਇਆ ।

੪ ਨਵੰਬਰ ਨੂੰ ਦੋ ਪਲਟਨਾਂ ਤੇ ਤਿੰਨ ਰਜਮਟਾਂ ਲੈਕੇ ਜਨਰਲ ਹੀਓਲਾਕ ਨੇ ਜਿਨ੍ਹਾਂ ਫ੍ਰਾਂਸ ਦੇ ਵਾਟਰ ਲੂ ਦੇ ਮੈਦਾਨ ਵਿੱਚ ਬੜਾ ਨਾਮ ਪਾਇਆ ਸੀ ਸਿੱਖਾਂ ਤੇ ਅੱਚਣ ਚੇਤ ਧਾਵਾ ਕਰ ਦਿੱਤਾ, ਸਿੱਖ ਸੈਨਾਂ ਵੀ ਕਿਲਾ ਬਣਾ ਮੁਕਾਬਲੇ ਤੇ ਡੱਟ ਗਈ, ਦੋਹਾਂ ਪਾਸਿਆਂ ਤੋਂ ਭਯਾਨਕ ਲੜਾਈ ਹੋਈ, ਜਨਰਲ ਹੀਓਲਾਕ ਗੋਲੀ ਨਾਲ ਓਥੇ ਹੀ ਮਾਰਿਆ ਗਿਆ, ਅੰਗ੍ਰੇਜ਼ੀ

ਫੌਜ ਆਪਣੇ ਅਫਸਰ ਨੂੰ ਅਕਾਰਨ ਹਮਲੇ ਦਾ ਦੋਸ਼ ਦੇਂਦੀ ਸੀ, ਸੋ ਸਵੇਰ ਤੱਕ ਲੜਾਈ ਬੰਦ ਰਹੀ।

ਦਿਨ ਨਿਕਲਜਾ ਤੇ ਅੰਗ੍ਰੇਜ਼ਾਂ ਦੀ ਹੈਰਾਨੀ ਦੀ ਹੱਦ ਨਾ ਰਹੀ, ਕਿਉਂਕਿ ਸਿੱਖ ਸੈਨਾਂ ਉਥੇ ਕਿਤੇ ਨਾ ਦਿੱਸੀ, ਸਿੱਖ ਫੌਜ ਰਾਤ ਨੂੰ ਕਿਤੇ ਚਲੀ ਗਈ ਸੀ, ਪਿੰਡ ਵਾਲਿਆਂ ਤੋਂ ਪੁੱਛਣ ਤੇ ਪਤਾ ਲੱਗਾ ਕਿ ਸਿੱਖ ਸੈਨਾਂ ਦਰਯਾ ਜੇਹਲਮ ਵੱਲ ਚਲੀ ਗਈ ਹੈ।

## ੧੧.

ਖੜ ਖੜ , ਖੜ ਖੜ, ਖੰਡੇ ਖੜਕੇ,
ਖੂਹਣੀ ਕਈ ਖਪਾਵਣ ਹਾਰ।
ਤੜ ਤੜ, ਤੜ ਤੜ, ਗੋਲੀ ਚੱਲੀ,
ਤੜਫਨ ਲੱਗੇ ਕਈ ਹਜ਼ਾਰ।
ਕੜਕ ਕੜਕ ਕੇ ਯੋਧੇ ਕੜਕੇ,
ਇਕ ਦੂਜੇ ਤੇ ਕਰਦੇ ਵਾਰ।
ਕਟ ਕਟ,ਕਟ ਕਟ,ਗਿਰੇ ਧਰਾ ਤੇ,
ਕਟਕਾਂ ਦੀ ਚੱਲੀ ਤਲਵਾਰ।

ਸਾਦੁੱਲਾ ਪੁਰ ਦੀ ਲੜਾਈ ਮਗਰੋਂ ਕੁਝ ਚਿਰ ਦੋਨੋਂ ਪਾਸੀਂ ਚੁੱਪ ਰਹੀ, ਪੰਜਾਬ ਦਾ ਉਹ ਹਿੱਸਾ ਜੋ ਹੋਲਾਂ ਤੇ ਸਿੱਖਾਂ ਦੀ ਸੈਨਾਂ ਦੇ ਵਿਚਕਾਰ ਸੀ ੧੫ ਮੀਲ ਸੀ, ਇਥੇ ਘਣਾ ਜੰਗਲ ਸੀ, ਜਿਸਨੂੰ ਵੱਢਕੇ ਰਸਤਾ ਬਣਾਣ ਲਈ

ਬਹੁਤ ਸਾਰੇ ਲੱਕੜ ਹਾਰੇ ਲਾ ਦਿੱਤੇ, ਕਦੇ ਕਦੇ ਕਿਤੇ ਅੰਗ੍ਰੇਜ਼ਾਂ ਤੇ ਸਿੱਖਾਂ ਦੀਆਂ ਫਿਰਤੂ ਟੋਲੀਆਂ ਦਾ ਆਪਸ ਵਿੱਚ ਟਾਕਰਾ ਹੋ ਜਾਂਦਾ ਸੀ।

੧੮ ਦਸੰਬਰ ਨੂੰ ਸ: ਸ਼ੇਰ ਸਿੰਘ ਨੇ ੧੦ ਹਜ਼ਾਰ ਫੌਜ ਡਿੰਗੇ ਤੋਂ ਭੇਜੀ, ਇਹ ਫੌਜ ਵਜ਼ੀਰਾ ਬਾਦ ਦੇ ਪੱਤਣ ਨੂੰ ਰੋਕ ਸਕਦੀ ਸੀ, ਇਸ ਕਰਕੇ ਅੰਗ੍ਰੇਜ਼ਾਂ ਵੱਲੋਂ ਵੀ ਇੱਕ ਸੈਨਾਂ ਅੱਗੇ ਵਧੀ, ਜੇ ਕਦੀ ਇਹ ਅੰਗ੍ਰੇਜ਼ੀ ਫੌਜ ਜਿੱਥੇ ਪੁਜਣਾ ਚਾਹੁੰਦੀ ਸੀ ਪੁੱਜ ਜਾਂਦੀ, ਤਦ ਸਿੱਖ ਸਿਪਾਹ ਅੰਗ੍ਰੇਜ਼ੀ ਫੌਜ ਤੇ ਲਾਹੌਰ ਦੇ ਵਿਚਕਾਰ ਆ ਜਾਂਦੀ ਤੇ ਇਸਦਾ ਸ੍ਰ: ਸ਼ੇਰ ਸਿੰਘ ਦੀ ਬਾਕੀ ਸੈਨਾਂ ਨਾਲੋਂ ਸੰਬੰਧ ਟੁੱਟ ਜਾਂਦਾ। ਸ੍ਰ: ਸ਼ੇਰ ਸਿੰਘ ਇਸ ਗੱਲ ਨੂੰ ਤਾੜ ਗਿਆ, ਉਸਨੇ ਆਪਣੀ ਸੈਨਾਂ ਨੂੰ ਵਜ਼ੀਰਾ ਬਾਦ ਵੱਲ ਜਾਣੋਂ ਰੋਕ ਦਿੱਤਾ।

੧੦ ਜਨਵਰੀ ਨੂੰ ਅੰਗ੍ਰੇਜ਼ੀ ਫੌਜ ਨੇ ਲਸੂੜੀ ਪਿੰਡ ਨੂੰ ਘੇਰ ਲਿਆ ਤੇ ਡਿੰਗੇ ਦੇ ਵੱਲ ਅੱਗੇ ਵਧੀ, ੧੨ ਜਨਵਰੀ ੧੮੪੯ ਨੂੰ ਇਹ ਡਿੰਗੇ ਅੱਪੜੀ, ਇੱਕ ਪਠਾਣ ਨੇ ਜੋ ਸਿੱਖਾਂ ਦੀ ਫੌਜ ਵਿੱਚੋਂ ਨੱਸ ਆਇਆ ਸੀ ਆਣਕੇ ਅੰਗ੍ਰੇਜ਼ੀ ਅਫਸਰਾਂ ਨੂੰ ਕਈ ਨਵੀਆਂ ਗੱਲਾਂ ਦੱਸੀਆਂ, ਜਿਨ੍ਹਾਂ ਦਾ ਹੁਣ ਤਕ ਇਨ੍ਹਾਂ ਨੂੰ ਪਤਾ ਨਹੀਂ ਸੀ। ਇਸਨੇ ਕਿਹਾ ਕਿ ਸਿੱਖਾਂ ਦਾ ਲਸ਼ਕਰ ਰਸੂਲ ਦੇ ਅੱਗੇ ਪਿੱਛੇ ਤੇ ਦਰਯਾ ਤੋਂ ਇਕ ਮੀਲ ਦੀ ਵਿੱਥ ਤੇ ਹੈ, ਇਸਦੇ ਅੱਗੇ ਕਿੰਨੇ ਹੀ ਮੀਲ ਡੂੰਘੀ ਖਾਈ ਹੈ ਜਿਸਨੂੰ ਲੰਘਣਾ ਕਠਨ ਹੈ, ਸਿੱਖਾਂ ਦੇ ਮੋਰਚੇ ਦੂਜੇ ਪਾਸੇ ਹਨ, ਮੋਰਚਿਆਂ ਉੱਤੇ ਉਹ ਖਾਈ ਤੇ ਬਣਾਏ ਪੁਲ ਦੀ ਰਾਹੀਂ ਜਾਂਦੇ ਹਨ। ਸੰਧਯਾ ਨੂੰ ਡਿੰਗੇ ਵਿਚ ਠੈਹਰੇ ਹੋਏ ਅਫਸਰਾਂ ਨੇ ਫੈਸਲਾ ਕੀਤਾ ਕਿ ਕੱਲ ਸਿੱਖਾਂ ਦਿਆਂ ਮੋਰਚਿਆਂ ਤੇ ਹਮਲਾ

ਕੀਤਾ ਜਾਵੇ ਤੇ ਪਿੰਡ ਰਸੂਲ ਦੇ ਖੱਬੇ ਪਾਸਿਓਂ ਹਮਲਾ ਕੀਤਾ ਜਾਏ, ਤਾਕਿ ਸਿਖ ਦਰਯਾ ਵਲ ਨਾ ਜਾ ਸਕਣ, ਇਸਤਰਾਂ ਨਾਲ ਉਹਨਾਂ ਦਾ ਸਾਮਾਨ ਰਸਦਾਂ ਤੇ ਗੋਲਾ ਬਾਰੂਦ ਸਭ ਕੁਝ ਖੋਹ ਲਵਾਂਗੇ। ਇਹ ਗੋਂਦ ਗੁੰਦ ਦੂਜੇ ਦਿਨ ਸਵੇਰੇ ਅੰਗ੍ਰੇਜ਼ਾਂ ਕੂਚ ਕਰ ਦਿਤਾ, ਕੁਝ ਚਿਰ ਫੌਜ ਅਗੇ ਵਧਦੀ ਗਈ, ਕਿਉਂਕਿ ਜੰਗਲ ਵੱਢਕੇ ਰਸਤਾ ਬਣਾਇਆ ਹੋਇਆ ਸੀ, ਪ੍ਰੰਤੂ ਥੋੜੀ ਦੂਰ ਜਾਕੇ ਟੁਰਨਾ ਔਖਾ ਹੋ ਗਿਆ, ਸਿਖਾਂ ਦੀ ਫੌਜ ਵਿਚੋਂ ਪਠਾਣ ਤੇ ਕੁਝ ਸਿਖ ਜੱਥੇ ਹੋਰ ਅੰਗ੍ਰੇਜ਼ਾਂ ਨੂੰ ਆ ਮਿਲੇ ਤੇ ਉਹਨਾਂ ਨੇ ਸਿਖਾਂ ਦਾ ਠਿਕਾਣਾ ਤੇ ਉਹਨਾਂ ਤੱਕ ਅਪੜਨ ਦਾ ਰਾਹ ਦੱਸਿਆ, ਅੰਗ੍ਰੇਜ਼ੀ ਫੌਜ ਚੇਲੀਆਂ ਵਾਲੇ ਅੱਪੜੀ ਤੇ ਇਥੇ ਰਾਤ ਰੈਹਕੇ ਸਵੇਰੇ ਜੰਗ ਕਰਨ ਦਾ ਨਿਸ਼ਚਾ ਕੀਤਾ।

ਸਵੇਰ ਨੂੰ ਸਿਖਾਂ ਦਾ ਇਕ ਲਸ਼ਕਰ ਨਜ਼ਰੀ ਪਿਆ ਤੇ ਤੋਪਾਂ ਦੇ ਗੋਲੇ ਵੱਸਣੇ ਸ਼ੁਰੂ ਹੋਏ, ਸਿੱਖ ਮੋਰਚਿਆਂ ਨੂੰ ਛੱਡ ਜੰਗਲ ਵਿਚ ਆ ਗਏ ਸੀ, ਜਿੱਥੇ ਇਹ ਟਾਕਰਾ ਸ਼ੁਰੂ ਹੋ ਗਿਆ।

ਸਿੱਖਾਂ ਨੇ ਆਪਣੀ ਫੌਜ ਨੂੰ ਇਸ ਦਾਨਾਈ ਤੇ ਸਿਆਣਪ ਨਾਲ ਖੜਾ ਕੀਤਾ ਕਿ ਨਾ ਉਹਨਾਂ ਦੀਆਂ ਪਲਟਨਾਂ ਦਿਸਦੀਆਂ ਸੀ ਤੇ ਨਾ ਹੀ ਤੋਪਖਾਨਾਂ ਕਿਤੋਂ ਨਜ਼ਰੀ ਪੈਂਦਾ ਸ , ਸਿਰਫ ਗੋਲੇ ਗੋਲੀਆਂ ਚੱਲਣ ਦੀ ਚਮਕ ਦਿਸਦੀ ਸੀ।

ਅੰਗ੍ਰੇਜ਼ੀ ਸੈਨਾਂ ੧੮ ਹਜ਼ਾਰ ਤੇ ਉਸਦੇ ਨਾਲ ੬੨ ਤੋਪਾਂ ਸਨ, ਲਾਰਡ ਗਫ ਨੇ ਹੁਕਮ ਦਿੱਤਾ ਕਿ ਹਮਲਾ ਕਰੋ

ਤੇ ਅੱਗੇ ਵਧੇ,ਪੈਦਲ ਪਲਟਨ ਦੇ ਦੋ ਦਸਤੇ ਜਨਰਲ ਗਿਲ-ਬਰਟ ਤੇ ਜਨਰਲ ਕੋਲਨ ਕੈਪਲ ਦੀ ਕਮਾਨ ਵਿਚ ਅੱਗੇ ਵਧੇ, ਜਿਸਦੀ ਸਿੱਖਾਂ ਨਾਲ ਹੱਥੋ ਹੱਥ ਲੜਾਈ ਸ਼ੁਰੂ ਹੋਗਈ, ਦੋ ਦੇਸੀ ਰਸਾਲੇ, ਦੋ ਲਾਨਸਰਜ਼ ਤੇ ੧੪ ਡਰੇਗੂੰ ਸਿੱਧੇ ਬਾਜ਼ੂ ਪਰ ਸੀ ਉਹ ਬੀ ਅਗੇ ਵਧੇ, ਇਹਨਾਂ ਦੀ ਕਮਾਨ ਕਰਨੈਲ ਦੇ ਹਥ ਸੀ, ਇਹ ਜਨਰਲ ਗਿਲਬਰਟ ਦੀ ਫੌਜ ਵਿਚ ਜਾ ਪੁਜਾ, ਉਥੋਂ ਅਗੇ ਵਧਿਆ ਹੀ ਸੀ ਕਿ ਉਸਦਾ ਟਾਕਰਾ ਰਸਾਲਾ ਤੇ ਪੈਦਲ ਪਲਟਨ ਨਾਲ ਹੋਇਆ, ਦੋਹਾਂ ਧਿਰਾ ਵਲੋਂ ਅੱਗ ਵੱਸਣ ਲੱਗੀ, ਤੋਪਾਂ ਦੀ ਅਵਾਜ਼ ਨਾਲ ਅਕਾਸ਼ ਗੂੰਜ ਉੱਠਿਆ, ਕਰਨੈਲ ਪੋਪਰ ਉਥੇ ਹੀ ਮਾਰਿਆ ਗਿਆ। ਸਿਖਾਂ ਦੇ ਤੋਪਖਾਨਿਆਂ ਨੇ ਅੰਗ੍ਰੇਜ਼ੀ ਤੋਪਚੀਆਂ ਨੂੰ ਘਬਰਾ ਦਿਤਾ, ਸਿਖ ਸਵਾਰਾਂ ਦਾ ਇਕ ਦਸਤਾ ਤੋਪਚੀਆਂ ਦੇ ਸਿਰ ਤੇ ਆ ਪੁਜਾ, ਤੋਪਚੀ ਕਤਲ ਕਰ ਦਿਤੇ ਤੇ ਤੋਪਾਂ ਤੇ ਕਬਜ਼ਾ ਕਰ ਲਿਆ, ਸਿਖਾਂ ਦੇ ਰਸਾਲੇ ਨੇ ਅੰਗ੍ਰੇਜ਼ੀ ਫੌਜ ਨੂੰ ਬਹੁਤ ਨੁਕਸਾਨ ਪੁਚਾਇਆ, ਜਿਸਤੋਂ ਅੰਗ੍ਰੇਜ਼ੀ ਫੌਜ ਪਿਛੇ ਨਸਣ ਲਗੀ, ਸਿਖਾਂ ਨੇ ਨਸਦੀ ਪੈਦਲ ਪਲਟਨ ਦਾ ਪਿਛਾ ਕਰਕੇ ਲਾਰਡ ਗਫ ਤਕ ਅਪੜਾ ਦਿਤਾ, ਅੰਗ੍ਰੇਜ਼ੀ ਰਸਾਲਾ ਵੀ ਮੁਕਾਬਲੇ ਦੀ ਸਮਰਥਾ ਨਾ ਵੇਖ ਨਸ ਟੁਰਿਆ, ਜਦ ਉਸਨੂੰ ਠੈਹਰਨ ਦਾ ਹੁਕਮ ਦਿਤਾ ਗਿਆ ਤਦ ਉਹ ਠੈਹਰ ਨਾ ਸਕਿਆ।

ਇਧਰ ਤਾਂ ਇਹ ਹਾਲਤ ਬੀਤੀ, ਹੁਣ ਦੂਜੇ ਪਾਸੇ ਦੀ ਸੁਣੋਂ, ਸਾਹਮਣੀ ਵਲੋਂ ਜੋ ਤਿੰਨ ਅੰਗ੍ਰੇਜ਼ੀ ਫੌਜਾਂ ਅਗੇ ਵਧੀਆਂ ਸੀ ਉਹਨਾਂ ਦਾ ਸਿਖਾਂ ਦੀ ਸੈਨਾਂ ਨਾਲ ਬੜਾ ਸਖਤ ਟਾਕਰਾ ਸ਼ੁਰੂ ਹੋ ਗਿਆ, ਸੰਧਜਾ ਹੋ ਜਾਣ ਤੇ ਅੰਗ੍ਰੇਜ਼ਾਂ ਦੀ

ਪੈਦਲ ਪਲਟਨ ਨੂੰ ਫਟੜਾਂ ਦੇ ਚੁਕਣ ਦਾ ਹੁਕਮ ਮਿਲਣਾ, ਇੰਨੇ ਚਿਰ ਨੂੰ ਸਿੱਖਾਂ ਦੀ ਇਕ ਸੈਨਾਂ ਜੰਗਲ ਵਿੱਚੋਂ ਇਸ ਪਲਟਨ ਦੇ ਦੂਜੇ ਪਾਸੇ ਅੱਪੜ ਗਈ ਤੇ ਉਸਨੇ ਇਸ ਪਲਟਨ ਨੂੰ ਲੜਾਈ ਵਿਚ ਸ਼ਾਮਲ ਕਰ ਲਿਆ, ਦੂਜੇ ਪਾਸਿਓਂ ਸਿੱਖਾਂ ਦਾ ਰਸਾਲਾ ਆ ਪੁਜਾ, ਦੋਨਾਂ ਪਾਸਿਆਂ ਤੋਂ ਜਵਾਨ ਦਿਲ ਖੋਲ੍ਹਕੇ ਲੜੇ, ਕਿੰਤੂ ਇਸ ਮੁਕਾਮ ਤੇ ਸਿੱਖ ਸੈਨਾਂ ਜ਼ਿਆਦਾ ਦੇਰ ਤੱਕ ਮੁਕਾਬਲੇ ਵਿਚ ਨਾ ਠੈਹਰ ਸਕੀ, ਕੁਝ ਤੋਪਾਂ ਉੱਤੇ ਅੰਗ੍ਰੇਜ਼ੀ ਪਲਟਨ ਨੇ ਕਬਜ਼ਾ ਕਰ ਲਿਆ।

ਜਨਰਲ ਗਿਲਬਰਟ ਦੇ ਬਰਗੇਡ ਦੇ ਸੱਜੇ ਪਾਸੇ ਦੇ ਡਵੀਜ਼ਨ ਦੀ ਹਾਲਤ ਤਾਂ ਇਸਤਰਾਂ ਦੀ ਰਹੀ, ਕਿੰਤੂ ਖੱਬੇ ਪਾਸੇ ਵਲੋਂ ਜੋ ਫੌਜ ਅਗੇ ਵਧੀ ਸੀ ਉਸਦੇ ਟਾਕਰੇ ਤੇ ਸਿੱਖਾਂ ਦੀ ਜੋ ਸੈਨਾਂ ਸੀ ਉਹ ਬੜੀ ਬੇ ਜਿਗਰੀ ਨਾਲ ਲੜੀ, ਅੰਗ੍ਰੇਜ਼ਾਂ ਦੀ ਇਸ ਸੈਨਾਂ ਨੂੰ ਸਖਤ ਨੁਕਸਾਨ ਪੁਜਾ, ਪੈਦਲ ਪਲਟਨ ਦਾ ਕਰਨੈਲ ਤੇ ਸਤ ਹੋਰ ਅਫਸਰ ਮਾਰੇ ਗਏ, ੩੨੨ ਜਵਾਨ ਮੋਏ ਤੇ ਫਟੜ ਹੋਏ, ਇਸੇ ਤਰਾਂ ੩੦ ਦੇਸੀ ਇਨਫੈਂਟਰੀ ਦੇ ੧੧ ਅਫਸਰ ਤੇ ੨੮੦ ਜਵਾਨ ਮੋਏ ਤੇ ਫਟੜ ਹੋਏ, ਜਿਸਤੋਂ ਇਸ ਦਸਤੇ ਨੂੰ ਪਿਛੇ ਹਟਣਾ ਪਿਆ।

ਜਨਰਲ ਕੋਲਨ ਕੈਪਲ ਦੇ ਡਵੀਜ਼ਨ ਦਾ ਇਕ ਦਸਤਾ ਜਨਰਲ ਪੇਨੀ ਕੁਇਕ ਦੀ ਕਮਾਨ ਵਿਚ ਸੀ,ਇਸਨੂੰ ਹੁਕਮ ਦਿਤਾ ਕਿ ਉਹ ਸਿਖਾਂ ਦੀਆਂ ਤੋਪਾਂ ਤੇ ਹਮਲਾ ਕਰੇ। ਉਸ ਵੇਲੇ ੨੪ ਗੋਰਾ ਪਲਟਨ ਸਿਖਾਂ ਦੀਆਂ ਗੋਲੇ ਗੋਲੀਆਂ ਦੇ ਵਿਚਦੀ ਲੰਘਦੀ ਟਾਕਰੇ ਲਈ ਵਧਦੀ ਗਈ, ਉਸਨੇ ਸਿੱਖਾਂ ਦੀਆਂ ਤੋਪਾਂ ਤੇ ਕਬਜ਼ਾ ਕਰ ਲਿਆ, ਕਿੰਤੂ ਜਦ ਇਹ ਇਹਨਾਂ ਤੋਪਾਂ ਨੂੰ ਲਿਆਉਣ ਲੱਗੇ ਤਦ ਬੰਨ੍ਹੂੰ ਦੀ ਸਿੱਖ

ਫੌਜ ਨੇ ਜੋ ਜੰਗਲ ਦੀ ਇਕ ਉਚੀ ਥਾਵੇਂ ਛਪਕੇ ਲੇਟੀ ਹੋਈ ਸੀ ਗੋਲੀਆਂ ਦੀ ਮਾਰ ਸ਼ੁਰੂ ਕਰ ਦਿੱਤੀ ਤੇ ਇਸ ਅੰਗ੍ਰੇਜ਼ੀ ਪਲਟਨ ਨੂੰ ਇਕ ਤਰਾਂ ਪਟੜਾ ਕਰ ਦਿੱਤਾ, ਜਨਰਲ ਪੇਨੀ ਕੁਇਕ ਮਾਰਿਆ ਗਿਆ, ਕਰਨੈਲ ਬੁਰਕਸ ਤੇ ੧੧ ਹੋਰ ਅਫਸਰ ਲੜਾਈ ਵਿਚ ਕੰਮ ਆਏ, ਇਸ ਫੌਜ ਵਿਚੋਂ ੫੦੦ ਜਵਾਨ ਮੋਏ ਤੇ ਫੱਟੜ ਹੋਏ, ਬਹੁਤ ਸਾਰਾ ਲੜਾਈ ਦਾ ਸਾਮਾਨ ਸਿੱਖਾਂ ਦੇ ਹੱਥ ਆਇਆ, ਗੋਇਆ ਕਿ ਇਸ ਫੌਜ ਨੂੰ ਸਿਖਾਂ ਨੇ ਉੱਕਾ ਤਬਾਹ ਕਰ ਦਿੱਤਾ, ਪ੍ਰੰਤੂ ਦੋ ਦੇਸੀ ਪਲਟਨਾਂ ਨੂੰ ਘੱਟ ਨੁਕਸਾਨ ਪੁਜਾ, ਕਿਉਂਕਿ ਸਿੱਖਾਂ ਦਾ ਸਾਰਾ ਖ਼ਿਆਲ ਗੋਰਾ ਪਲਟਨ ਦੇ ਵੱਲ ਸੀ।

ਇਸ ਡਵੀਜ਼ਨ ਦੇ ਦੂਜੇ ਦਸਤੇ ਜਿਸਦੀ ਕਮਾਨ ਖ਼ੁਦ ਜਰਨੈਲ ਕੈਪਲ ਦੇ ਹੱਥ ਸੀ, ਸਿੱਖਾਂ ਨਾਲ ਖ਼ੂਬ ਟਾਕਰਾ ਕੀਤਾ, ੬੧ ਨੰਬਰ ਇਨਫੈਂਟਰੀ ਵੀ ਸਿਖਾਂ ਨੂੰ ਪਿਛੇ ਹਟਾ ਦਿਤਾ ਤੇ ਉਹਨਾਂ ਤੋਪਾਂ ਉੱਤੇ ਜੋ ੨੪ ਗੋਰਾ ਪਲਟਨ ਤੋਂ ਸਿਖਾਂ ਲੈ ਲਈਆਂ ਸਨ ਕਬਜ਼ਾ ਕਰ ਲਿਆ, ਕਿੰਤੂ ਸਿਖਾਂ ਨੇ ਇਕ ਤਕੜੇ ਹਮਲੇ ਤੋਂ ਪਿਛੋਂ ਇਹ ਫਿਰ ਖੋਹ ਲਈਆਂ।

ਜਨਰਲ ਥੈਕੂਲ ਦੀ ਕਮਾਨ ਵਿਚ ਜੋ ਰਸਾਲਾ ਸੀ ਉਸਨੇ ਵੀ ਬੜੀ ਜਵਾਂ ਮਰਦੀ ਵਖਾਈ ਤੇ ਸਿਖਾਂ ਦੀ ਇਕ ਵਡੀ ਗਿਣਤੀ ਦੀ ਸੈਨਾਂ ਨੂੰ ਅਗੇ ਨਾ ਵਧਣ ਦਿਤਾ ਤੇ ਉਸਦੇ ਨਾਲ ਜੋ ੩ ਡਰਗੂੰ ਰਸਾਲੇ ਦਾ ਇਕ ਹਿਸਾ ਸੀ ਉਹ ਸਿਖਾਂ ਦੇ ਲਸ਼ਕਰ ਵਿਚ ਆ ਵੜਿਆ, ਕਿੰਤੂ ਇਸ ਯਤਨ ਵਿਚ ਇਸਦੇ ਦੋ ਅਫਸਰ ਮਾਰੇ ਗਏ, ਸਪਾਹੀਆਂ ਵਿਚੋਂ ੩੧ ਫਟੜ ਹੋਏ। ਇਸਤਰਾਂ ਲੜਦਿਆਂ ਲੜਦਿਆਂ ਰਾਤ ਪੈ ਗਈ ਤੇ ਸਵੇਰੇ ਦਿਨ ਚੜ੍ਹਦੇ ਮੀਂਹ ਵਸਣਾਂ ਸ਼ੁਰੂ ਹੋਗਿਆ,

ਫਟੜਾਂ ਦੀ ਤਲਾਸ਼ ਹੋਣ ਲਗੀ ਤੇ ਫਿਰ ਫੌਜ ਗਿਣੀ ਤੇ ਪਤਾ ਲਗਾ ਕਿ ਅੰਗ੍ਰੇਜ਼ਾਂ ਦਾ ਨੁਕਸਾਨ ਬਹੁਤ ਹੀ ਜ਼ਿਆਦਾ ਹੋਯਾ ਹੈ, ੮੯ ਅਫਸਰ ਮਾਰੇ ਗਏ ਤੇ ਫਟੜ ਹੋਏ ਸਪਾਹੀਆਂ ਦੀ ਗਿਣਤੀ ੨੩੫੭ ਨਿਕਲੀ।

ਇਸ ਲੜਾਈ ਵਿਚ ਭਾਵੇਂ ਸਿਖਾਂ ਦਾ ਵੀ ਨੁਕਸਾਨ ਹੋਇਆ ਸੀ,ਕਿੰਤੂ ਉਹਨਾਂ ਦੀ ਗਿਣਤੀ ਦੇ ਮੁਕਾਬਲੇ ਤੋਂ ਕੁਝ ਵੀ ਨਹੀਂ ਸੀ।

ਉਹ ਜਨਰਲ ਗਫ ਜਿਸਨੇ ਅਲੌਕਕ ਰਣਬੀਰ ਨਿਪੋਲੀਅਨ ਬੋਨਾ ਪਾਰਟ ਦਾ ਤਖ਼ਤਾ ਉਲਟਾ ਦਿਤਾ ਸੀ, ਜਿਸਨੇ ਅਨੂਪਮ ਯੋਧੇ ਨਿਪੋਲੀਅਨ ਬੋਨਾ ਪਾਰਟ ਦੀ ਗੋਰਵਤਾ ਮਿਟੀ ਵਿਚ ਮਿਲਾ ਦਿਤੀ ਸੀ, ਅਜ ਉਸਨੂੰ ਹਿੰਦੁਸਤਾਨ ਦੇ ਸੂਰਬੀਰ ਸਰਦਾਰ ਸ਼ੇਰ ਸਿੰਘ ਦੀ ਅਨੂਪਮ ਤੇ ਅਦਭੁਤ ਬੀਰਤਾ ਤੇ ਅਲੌਕਕ ਰਣ ਪੰਡਤਾਈ ਵੇਖ ਚਕ੍ਰਿਤ ਤੇ ਹਕਾ ਬਕਾ ਹੋਣਾ ਪਿਆ।

ਅੰਗ੍ਰੇਜ਼ ਇਤਹਾਸ ਕਾਰਾਂ ਨੇ ਲਿਖਯਾ ਹੈ ਕਿ ਇਸ ਲੜਾਈ ਵਿਚ ਬਹੁਤ ਸਾਰੇ ਅੰਗ੍ਰੇਜ਼ ਅਫਸਰ ਕੰਮ ਆਏ, ਫੌਜ ਦਾ ਭਾਰੀ ਨੁਕਸਾਨ ਹੋਇਆ, ਚੋਖਾ ਸਾਮਾਨ ਤੇ ਤੋਪਾਂ ਸਿਖਾਂ ਦੇ ਹਥ ਆਈਆਂ,ਕਿੰਤੂ ਇਹ ਕੈਂਹਦੇ ਹਨ ਕਿ ਲੜਾਈ ਦੀ ਜਿਤ ਹਾਰ ਦਾ ਫੈਸਲਾ ਨਹੀਂ ਹੋਇਆ। ਇਹਨਾਂ ਦੇ ਖਿਆਲ ਵਿਚ ਇਸ ਲੜਾਈ ਦਾ ਇਹ ਨਤੀਜਾ ਨਿਕਲਯਾ ਕਿ ਸਿਖਾਂ ਦੇ ਹੌਂਸਲੇ ਵਧ ਗਏ ਤੇ ਇਹ ਖਬਰ ਮਸ਼ਹੂਰ ਹੋਂਦੇ ਹੀ ਕਿ ਸਿਖਾਂ ਨੇ ਅੰਗ੍ਰੇਜ਼ਾਂ ਦੇ ਦੰਦ ਖਟੇ ਕਰ ਦਿਤੇ ਤੇ ਉਸਤੇ ਗ਼ਾਲਬ ਆ ਗਏ ਹਨ, ਉਹਨਾਂ ਦੀ ਗਿਣਤੀ ਹੋਰ ਵਧਣ ਲਗੀ।

# ੧੨.

ਸਿਰਾਂ ਧੜਾਂ ਦੀ ਬਾਜ਼ੀ ਵਾਲੀ,
ਛਿੜ ਪਈ ਜਦੋਂ ਲੜਾਈ।
ਰਣ ਤਤੇ ਚੋਂ ਨਸ ਪਠਾਣਾਂ,
ਕੀਤੀ ਬੇ ਵਫ਼ਾਈ।
ਖੇਰੂ ਖੇਰੂ ਸੈਨਾਂ ਕੀਤੀ,
ਭਾਜੜ ਪਾਈ ਸਾਰੇ।
ਇੰਜ ਪਰਾਇਆਂ ਧ੍ਰੋਹ ਕਮਾਕੇ,
ਦਸੇ ਇਹ ਦਿਹਾੜੇ।

ਸ਼ੇਰ ਸਿੰਘ ਦੀ ਸੈਨਾਂ ਇੱਕ ਮਹੀਨੇ ਤੀਕਣ ਚੇਲੀਆਂ ਵਾਲੇ ਠੈਹਰੀ ਰਹੀ, ਲਾਰਡ ਗਫ ਉਥੋਂ ਪਰੇ ਹਟਾਣ ਲਈ ਬਥੇਰੇ ਯਤਨ ਕਰਦੇ ਰਹੇ ਕਿੰਤੂ ਉਹਨਾਂ ਨੂੰ ਸਫਲਤਾ ਨਹੀਂ ਹੋਈ, ਉਧਰ ਸਿੱਖਾਂ ਨੇ ਵੀ ਇਸ ਸਮੇਂ ਵਿਚ ਅੰਗ੍ਰੇਜ਼ਾਂ ਤੇ ਚੜ੍ਹਾਈ ਕਰਨ ਦੀ ਕੋਸ਼ਸ਼ ਨਹੀਂ ਕੀਤੀ, ਇਸੇ ਸਮੇਂ ਵਿਚ ਜਨਰਲ ਵਸ਼ ਮੁਲਤਾਨ ਨੂੰ ਜਿੱਤ ਕੇ ਸੈਨਾਂ ਸਮੇਤ ਚੇਲੀਆਂ ਵਾਲੇ ਵਿਚ ਆ ਰਹੇ ਸਨ, ਸਿਖਾਂ ਨੂੰ ਵੀ ਖਬਰ ਮਿਲੀ ਤੇ ਇਹਨਾਂ ਨੂੰ ਪਤਾ ਲਗਾ ਕਿ ਲਾਰਡ ਗਫ ਦੇ ਇਸ ਸੈਨਾਂ ਦੀ ਅਵਾਈ ਸੁਣ ਹੌਂਸਲੇ ਵਧ ਰਹੇ ਹਨ ਤੇ ਇੰਨਾਂ ਦੇ ਆਉਣ ਤੇ ਫਿਰ ਜੰਗ ਸ਼ੁਰੂ ਹੋ ਜਾਏਗਾ, ਇਸ ਵਾਰ ਅੰਗ੍ਰੇਜ਼ਾਂ ਦੇ ਭਾਗ ਚੰਗੇ ਸਨ, ਰਸਤੇ ਵਿਚ ਕੋਈ ਰੁਕਾਵਟ ਨਹੀਂ ਸੀ, ਨਿਸ਼ਚਿੰਤ ਸਮੇਂ ਵਿਚ ਜਨਰਲ ਵਿਸ਼

ਲਾਰਡ ਗਫ ਪਾਸ ਆ ਪੁਜੇ, ਦੂਣੀ ਸੈਨਾਂ ਹੋ ਜਾਣ ਤੇ ਸਿਖ ਛਾਵਣੀ ਤੇ ਦੂਣੇ ਬਲ ਨਾਲ ਹਮਲਾ ਕਰਨ ਦੀ ਤਿਆਰੀ ਹੋਣ ਲਗੀ।

ਇਕ ਪਾਸਿਓਂ ਅੰਗ੍ਰੇਜ਼ੀ ਸੈਨਾਂ ਹਰ ਤਰਾਂ ਬਲਵਾਨ ਤੇ ਸਨਧਬਧ ਹੋ ਅਗੇ ਵਧਣ ਲਗੀ, ਦੂਜੇ ਪਾਸਿਓਂ ਸਿਖਾਂ ਦੀ ਛਾਵਣੀ ਵਿਚ ਰਸਦ ਦਾ ਤੋਟਾ ਆ ਗਿਆ, ਜਿਸਤੋਂ ਸਿਖਾਂ ਨੂੰ ਚੇਲੀਆ ਵਾਲਿਓਂ ਟੁਰਨਾਂ ਹੀ ਉੱਚਤ ਪ੍ਰਤੀਤ ਹੋਇਆ, ਗੁਜਰਾਤ ਵੱਲ ਵਧੇ, ਉਹਨਾਂ ਦੀ ਮਨਸ਼ਾ ਲਾਹੌਰ ਅੱਪੜਨ ਦੀ ਸੀ, ਲਾਰਡ ਗਫ ਸ੍ਰ: ਸ਼ੇਰ ਸਿੰਘ ਦਾ ਇਹ ਭਾਵ ਸਮਝ ਗਏ ਸੀ, ਇਸ ਯਤਨ ਵਿਚ ਨਿਸਫਲ ਕਰਨ ਲਈ ਜਨਰਲ ਵਿਸ਼ ਦੀ ਫੌਜ ਵਜ਼ੀਰਾਬਾਦ ਆ ਉਤਰੀ, ਤੇ ਇਸਨੂੰ ਬੇੜੀਆਂ ਦਾ ਪੁਲ ਬਣਵਾ ਲਾਰਡ ਗਫ ਦੀ ਸੈਨਾਂ ਨੂੰ ਨਾਲ ਮਿਲਣਦਾ ਅਵਸਰ ਮਿਲ ਗਿਆ, ਇਸਤਰਾਂ ਅੰਗ੍ਰੇਜ਼ੀ ਸੈਨਾਂ ਦੀ ਸੰਖਯਾ ੨੫ ਹਜ਼ਾਰ ਤੋਂ ਉਪਰ ਹੋ ਗਈ, ਅੰਗ੍ਰੇਜ਼ਾਂ ਨੇ ਸ੍ਰਦਾਰ ਸ਼ੇਰ ਸਿੰਘ ਦੀ ਸੈਨਾਂ ਦਾ ਅਨੁਮਾਨ ਕੀਤਾ ਕਿ ਇਹ ੬੦ ਹਜ਼ਾਰ ਹਨ, ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਂ ਦੇ ਪੁਤਰ ਇਕਰਾਮ ਖਾਂ ਨੇ ਪਸ਼ਾਵਰ ਤੇ ਅਧਿਕਾਰ ਪਾ ਸਿਖਾਂ ਨਾਲ ਹਮਦਰਦੀ ਪ੍ਰਗਟ ਕੀਤੀ ਸੀ, ੧੫੦੦ ਘੋੜ ਚੜ੍ਹੇ ਸਵਾਰ ਲੈਕੇ ਉਹ ਵੀ ਸ੍ਰ: ਸ਼ੇਰ ਸਿੰਘ ਦੀ ਸੈਨਾਂ ਵਿਚ ਆ ਮਿਲੇ। ਸ੍ਰ: ਸ਼ੇਰ ਸਿੰਘ ਦੀ ਸੈਨਾਂ ਇੰਨੀ ਵਧ ਜਾਣ ਤੇ ਵੀ ਲਾਰਡ ਗਫ ਨੇ ਪ੍ਰਵਾਹ ਨਹੀਂ ਕੀਤੀ, ਇਸਦੇ ਕਈ ਕਾਰਨ ਸਨ, ਅੰਗ੍ਰੇਜ਼ੀ ਸੈਨਾਂ ਸਾਰੀ ਸਿਖਯਤ ਸੀ, ਅੰਗ੍ਰੇਜ਼ਾਂ ਪਾਸ ਤੋਪਾਂ ਬੰਦੂਕਾਂ ਤੇ ਲੜਾਈ ਦਾ ਸਾਮਾਨ ਬਹੁਤ ਵਧੀਕ ਸੀ, ਅਜੇਹੀ ਹਾਲਤ ਵਿਚ ਸਿਖ ਅੰਗ੍ਰੇਜ਼ਾਂ ਦੇ ਸਾਹਮਣੇ ਕਿੰਨਾਕੁ ਚਿਰ

ਠੈਹਰੇ ਰਹਿ ਸਕਦੇ ਸੀ, ਸ੍ਰ: ਸ਼ੇਰ ਸਿੰਘ ਦੀ ਸੈਨਾਂ ਬਹੁਤੀ ਹੋਣ ਤੇ ਵੀ ਤੋਪ ਤੇ ਬੰਦੂਕਾਂ ਦੇ ਪ੍ਰਵਾਹ ਵਿਚ ਕੀ ਉਹਨਾਂ ਦਾ ਨਿਸ਼ਫਲ ਹੋ ਜਾਣਾ ਜ਼ਰੂਰੀ ਨਹੀਂ ਸੀ? ਤੇ ਫਿਰ ਉਸ ਦਸ਼ਾ ਵਿਚ ਜਦ ਕਿ ਸ੍ਰ: ਸ਼ੇਰ ਸਿੰਘ ਦੀ ਸੈਨਾਂ ਵਿੱਚ ਦ੍ਰੋਹੀਆਂ ਦੀ ਵੀ ਕਮੀਂ ਨਹੀਂ ਸੀ ?।

੧੪ ਫਰਵਰੀ ਨੂੰ ਸ੍ਰ: ਸ਼ੇਰ ਸਿੰਘ ਨੇ ਗੁਜਰਾਤ ਤੇ ਆ ਕਬਜ਼ਾ ਕੀਤਾ, ਤੇ ਉਸ ਥੋੜੀ ਜੇਹੀ ਪਠਾਣ ਫੌਜ ਨੂੰ ਜੋ ਜਨਰਲ ਨਿਕਲਸਨ ਦੀ ਕਮਾਨ ਵਿਚ ਸੀ ਫੜ ਲਿਆ, ਮੇਜਰ ਲਾਰੰਸ ਵੀ ਆਪਣੀ ਮੇਮ ਸਮੇਤ ਸ੍ਰ: ਸ਼ੇਰ ਸਿੰਘ ਦੀ ਕੈਦ ਵਿਚ ਆ ਗਏ, ਮੇਜਰ ਲਾਰੰਸ ਇਕ ਅਫ਼ਗਾਨ ਸ੍ਰਦਾਰ ਦੇ ਘਰ ਬਚਾਓ ਲਈ ਠੈਹਰੇ ਹੋਏ ਸੀ, ਉਸਨੇ ਇਨ੍ਹਾਂ ਨੂੰ ਸ੍ਰ: ਸ਼ੇਰ ਸਿੰਘ ਦੇ ਹਵਾਲੇ ਕਰ ਦਿਤਾ।

ਦੂਜੇ ਹੀ ਦਿਨ ੪ ਬਜੇ ਸਵੇਰੇ ਅੰਗ੍ਰੇਜ਼ੀ ਫੌਜ ਸਰਾਂ ਵੱਲ ਟੁਰ ਪਈ, ਜਨਰਲ ਵਿਸ਼ ਨੇ ਆਪਣੀ ਫੌਜ ਦਾ ਇਕ ਦਸਤਾ ਵਜ਼ੀਰਾਬਾਦ ਵੱਲ ਭੇਜ ਦਿੱਤਾ, ਤਾਕਿ ਸਿੱਖ ਉਥੋਂ ਦਰਯਾ ਨਾ ਲੰਘ ਸਕਣ, ੨੦ ਤਰੀਕ ਨੂੰ ਅੰਗ੍ਰੇਜ਼ੀ ਫੌਜ ਜਨਰਲ ਵਿਸ਼ ਨੂੰ ਸ਼ਾਦੀ ਵਾਲ ਮਿਲੀ, ਤੇ ੨੧ ਨੂੰ ਗੁਜਰਾਤ ਵਲ ਵਧੀ।

ਸਿੱਖਾਂ ਦੀ ਸੈਨਾਂ ਤੋਂ ਦੱਖਣ ਵੱਲ ਇਕ ਨਾਲਾ ਸੀ,ਸ੍ਰ: ਸ਼ੇਰ ਸਿੰਘ ਨੇ ਇਸ ਨਾਲੇ ਦੇ ਕੰਢੇ ਤੇ ਤੋਪਾਂ ਰੱਖੀਆਂ, ਉਹਨਾਂ ਦੇ ਖੱਬੇ ਹੱਥ ਨਗਰ ਦੇ ਚੜ੍ਹਦੇ ਕੰਢੇ ਇਕ ਨਿੱਕੀ ਜੇਹੀ ਨਦੀ ਵਗਦੀ ਸੀ, ਉਹ ਨਦੀ ਵਜ਼ੀਰਾਬਾਦ ਵੱਲ ਝਨਾਂ ਵਿਚ ਜਾ ਮਿਲਦੀ ਹੈ, ਸ੍ਰ: ਸ਼ੇਰ ਸਿੰਘ ਦੀ ਸੈਨਾਂ ਦੇ ਦੋਨੀਂ ਪਾਸੀਂ ਪਾਣੀ ਦੇ ਨਾਲੇ ਹੋਣ ਕਰਕੇ ਮਾਨੋਂ ਇਹ ਨਾਲੇ ਸ੍ਰ: ਸ਼ੇਰ ਸਿੰਘ ਦੀ

ਸੈਨਾਂ ਨੂੰ ਖਾਈ ਦਾ ਕੰਮ ਦੇ ਰਹੇ ਸੀ, ਲਾਰਡ ਗਫ ਨੇ ਜੋ ਪਹਿਲਾਂ ਹੀ ਸ੍ਰ: ਸ਼ੇਰ ਸਿੰਘ ਦੀ ਸੈਨਾਂ ਨੂੰ ਘੇਰੇ ਵਿਚ ਲਿਆਉਣ ਦੇ ਪ੍ਰਬੰਧ ਕਰਦੇ ਆਉਂਦੇ ਸੀ, ਆਮ੍ਹੋ ਸਾਹਮਣੇ ਦੋ ਆਪਣੀ ਫੌਜ ਨੂੰ ਇਸ ਤਰਾਂ ਖੜਾ ਕੀਤਾ ਕਿ:–ਸਾਹਮਣੇ ਜਨਰਲ ਗਿਲਬਰਟ ਦਾ ਦਸਤਾ, ਉਸ ਤੋਂ ਪਿਛੇ ਜਨਰਲ ਵਿਸ਼ ਦਾ ਦਸਤਾ, ਉਸ ਤੋਂ ਪਿਛੇ ਨਾਲੇ ਦੇ ਪਾਰ ਜਨਰਲ ਕੋਲਨ ਕੈਪਲ ਦਾ ਦਸਤਾ, ਸ੍ਰ: ਸ਼ੇਰ ਸਿੰਘ ਦੀ ਸੈਨਾਂ ਦੇ ਉਲਟੇ ਪਾਸੇ ਬ੍ਰਿਗੇਡੀਅਰ ਜਨਰਲ ਡਾਂਡਰਸ ਦੀ ਬੰਬੇਵਾਲੀ ਸੈਨਾਂ ਦਾ, ਇਨ੍ਹਾਂ ਦੇ ਨਾਲ ਸਿੰਧੀਆਂ ਦੀ ਘੋੜ ਚੜ੍ਹੀ ਫੌਜ ਤੇ ਜੋਜ਼ਫ ਥਕਵੇਲਸੀ ਦਾ ਦਸਤਾ, ਇਨ੍ਹਾਂ ਸਾਰਿਆਂ ਦਸਤਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਮੈਦਾਨੀ ਤੇ ਘੋੜ ਚੜ੍ਹੀਆਂ ਤੋਪਾਂ ਵੀ ਪਾਸ ਸਨ, ਰਸਾਲਾ ਦੋਨਾਂ ਬਾਹਾਂ ਵੱਲ ਐਧਰ ਉਧਰ ਖਲੋਤਾ ਸੀ, ਦੋ ਦੇਸੀ ਪਲਟਨਾਂ ਸਾਰਿਆਂ ਤੋਂ ਪਿੱਛੇ ਰਸਦ ਤੇ ਸਾਮਾਨ ਦੀ ਰੱਖਯਾ ਲਈ ਖਲੋਤੀਆਂ ਸਨ, ਪੈਦਲ ਪਲਟਨ ਦੇ ਪਿੱਛੇ ਇਕ ਟਿੱਬਾ ਸੀ, ਉਸ ਤੇ ਅੰਗ੍ਰੇਜ਼ ਸੈਨਾਂ ਪਤੀ ਦੇ ਪ੍ਰਧਾਨ ਅਫਸਰ ਬੈਠਕੇ ਜੰਗ ਵੇਖਣ ਲੱਗੇ। ਸਿੱਖਾਂ ਪਾਸ ੫੮ ਤੋਪਾਂ ਸਨ, ਕਿੰਤੂ ਅੰਗ੍ਰੇਜ਼ਾਂ ਦੇ ਕੋਲ ੧੦੦ ਤੋਂ ਉਪਰ ਵੱਡੀਆਂ ਤੇ ਅਣਗਿਣਤ ਛੋਟੀਆਂ ਤੋਪਾਂ ਸਨ।

੨੨ ਫਰਵਰੀ ਨੂੰ ੭॥ ਬਜੇ ਯੁਧ ਸ਼ੁਰੂ ਹੋਇਆ, ਸ੍ਰ: ਸ਼ੇਰ ਸਿੰਘ ਦੀ ਸੈਨਾਂ ਨੇ ਪਹਿਲਾਂ ਬੜਾ ਬੀਰਤੱਵ ਵਿਖਾਇਆ, ਕਿੰਤੂ ਅੰਤ ਵਿਚ ਉਹਨਾਂ ਦੀ ਸ਼ਕਤੀ ਵੱਧ ਨਹੀਂ ਸਕੀ, ਇਹਨਾਂ ਦਾ ਗੋਲਾ ਬਾਰੂਦ ਮੁੱਕਣ ਲਗਾ, ਤੇ ਸਾਹਮਣਿਓਂ ਅੰਗ੍ਰੇਜ਼ ਸੈਨਾਂ ਨੇ ਪੂਰੇ ਜ਼ੋਰ ਨਾਲ ਅੱਗ ਵਸਾਣੀ ਸ਼ੁਰੂ ਕੀਤੀ, ਪਠਾਣ ਜੋ ਸਿੱਖਾਂ ਦੀ ਮੱਦਦ ਲਈ ਆਏ ਸੇ

ਮੈਦਾਨੋਂ ਨਸ ਟੁਰੇ, ਇਹਨਾਂ ਦੇ ਪੈਰ ਉਖੜਨ ਦੇ ਨਾਲ ਸ੍ਰ: ਸ਼ੇਰ ਸਿੰਘ ਦੇ ਲਸ਼ਕਰ ਵਿਚ ਭਾਜੜ ਪੈ ਗਈ। ਹੁਣ ਅੰਗ੍ਰੇਜ਼ਾਂ ਦੀ ਕੁੱਲ ਸੈਨਾਂ ਅੱਗੇ ਵਧਣ ਲੱਗੀ, ਸ੍ਰ: ਸ਼ੇਰ ਸਿੰਘ ਦੀ ਸੈਨਾਂ ਹਰ ਜਗ੍ਹਾ ਤੇ ਬੜੀ ਬਹਾਦਰੀ ਨਾਲ ਲੜੀ, ਕਿੰਤੂ ਉਸ ਦੇ ਪੈਰ ਕਿਤੇ ਜੰਮ ਨਾ ਸਕੇ।

ਜੇਹੜਾ ਬ੍ਰਗੇਡ ਹਾਰਵੀ ਸਾਹਿਬ ਦੀ ਕਮਾਨ ਵਿਚ ਸੀ ਉਸਨੂੰ ਭਾਰਾ ਨੁਕਸਾਨ ਅਪੜਿਆ, ਪਰ ਉਸ ਪਿੰਡ ਤੇ ਜਿਥੇ ਕਿ ਸਿਖ ਲੜ ਰਹੇ ਸਨ ਉਸਨੇ ਅਧਕਾਰ ਕਰ ਲਿਆ, ਅੰਗ੍ਰੇਜ਼ਾਂ ਦੇ ਘੋੜ ਸਵਾਰ ਤੇ ਤੋਪਖਾਨਿਆਂ ਦਾ ਵੀ ਨੁਕਸਾਨ ਹੋਇਆ ਕਿਉਂਕਿ ਸਿੱਖਾਂ ਦਾ ਤੋਪਖਾਨਾ ਬੜਾ ਜ਼ਬਰਦਸਤ ਸੀ।

ਕਨਿੰਘਮ ਦੇ ਕਥਨ ਅਨੁਸਾਰ ਸ੍ਰ: ਸ਼ੇਰ ਸਿੰਘ ਦੀ ਨੱਸੀ ਜਾ ਰਹੀ ਸੈਨਾਂ ਦਾ ਅੰਗ੍ਰੇਜ਼ ਸੈਨਾਂ ਨੇ ੧੨ ਮੀਲ, ਕਿੰਤੂ "ਤਸਖੀਰੇ ਪੰਜਾਬ" ਦੇ ਲੇਖਕ ਦੇ ਕਥਨ ਅਨੁਸਾਰ ੧੪ ਮੀਲ ਪਿਛਾ ਕੀਤਾ, ਤੇ ਜਿਥੇ ਵੀ ਕੋਈ ਮਿਲਯਾ ਮੌਤ ਦੇ ਘਾਟ ਪਾਰ ਉਤਾਰਿਆ।

ਇਸ ਜੰਗ ਵਿਚ ਸਿੱਖਾਂ ਦੇ ਨੁਕਸਾਨ ਦਾ ਟਿਕਾਣਾ ਨਹੀਂ ਰਿਹਾ। ਅੰਗ੍ਰੇਜ਼ਾਂ ਦਾ ਖਿਆਲ ਹੈ ਕਿ ਅੰਗ੍ਰੇਜ਼ਾਂ ਦੇ ੯੨ ਆਦਮੀ ਮੋਏ ਤੇ ੬੮੨ ਫਟੜ ਹੋਏ। ਸ੍ਰ: ਸ਼ੇਰ ਸਿੰਘ ਨੇ ਸੁਲ੍ਹਾ ਦੀ ਚਿਠੀ ਲਿਖੀ, ਇਨ੍ਹਾਂ ਦੀ ਇਹ ਇਛਾ ਪੂਰੀ ਨਹੀਂ ਹੋਈ, ਸ੍ਰ: ਸ਼ੇਰ ਸਿੰਘ ਦੀ ਮੱਦਦ ਤੇ ਲਾਹੌਰ ਦਰਬਾਰ ਨਹੀਂ ਸੀ ਓਸਨੇ ਉਹਨਾਂ ਅੰਗ੍ਰੇਜ਼ ਅਫਸਰਾਂ, ਲੇਡੀਆਂ ਤੋਂ ਗੋਰਾ ਸਪਾਹੀਆਂ ਨਾਲ ਜੋ ਉਸਦੀ ਕੈਦ ਵਿਚ ਸਨ ਕਿਸੇਤਰਾਂ ਦਾ ਅਯੋਗ ਸਲੂਕ ਨਹੀਂ ਕੀਤਾ ਸੀ। ਮੇਜਰ ਐਡਵਰਡਜ਼ ਦੇ ਪੱਤਰਾਂ ਤੋਂ ਇਹ ਗੱਲ ਸਾਬਤ ਸੀ ਕਿ ਇਸਨੇ ਤੰਗ ਹੋ ਕੇ

ਤੇ ਫੌਜਦੇ ਦਬਾ ਨਾਲ ਬਗ਼ਾਵਤ ਕੀਤੀ ਹੈ, ਇਸ ਤੇ ਵੀ ਕੋਈ ਖ਼ਿਆਲ ਨਾ ਕੀਤਾ ਗਿਆ, ਜਿਸ ਤੋਂ ਉਸਨੂੰ ਹਥਯਾਰ ਰਖਣ ਤੋਂ ਸਿਵਾ ਕੋਈ ਰਾਹ ਨਾ ਦਿਸਿਆ, ਸ੍ਰ: ਸ਼ੇਰ ਸਿੰਘ ਚਤਰ ਸਿੰਘ ਹਾਥੀ ਤੇ ਸਵਾਰ ਹੋ ਵਜ਼ੀਰਾ ਬਾਦ ਲਾਰਡ ਗਫ ਪਾਸ ਗਏ, ੧੨ ਮਾਰਚ ੧੮੪੯ ਨੂੰ ਸਿਖ ਸਰਦਾਰਾਂ ਨੇ ਬ੍ਰਿਟਸ਼ ਸੈਨਾਂ ਪਤਿ ਦੇ ਸੱਜੇ ਹੱਥ ਖੜੇ ਹੋ ਆਤਮ ਸਮਰਪਣ ਕਰਦੇਹੋਏ ਕਿਹਾ ਕਿ:- "ਅਨੇਕਾਂ ਅਤਯਾਚਾਰਾਂ ਦੇ ਕਾਰਨ ਅਸਾਂ ਇਹ ਯੁੱਧ ਕੀਤਾ ਹੈ, ਦੇਸ਼ ਦੀ ਰਖਯਾ ਨਮਿੱਤ ਅਸਾਂ ਤਾਕਤ ਭਰ ਲੜਾਈ ਕੀਤੀ ਹੈ, ਹੁਣ ਸਾਡੀ ਇਹ ਦਸ਼ਾ ਹੋ ਗਈ ਹੈ ਕਿ ਸਾਡੀ ਸੈਨਾਂ ਦੇ ਬੀਰ ਰਣ ਛੇਤਰ ਵਿੱਚ ਸੌਂ ਗਏ ਹਨ, ਸਾਡੀਆਂ ਤੋਪਾਂ, ਸਾਡੇ ਸ਼ਸ਼ਤਰ ਅਸ਼ਤਰ, ਸਾਡੇ ਹੱਥੋਂ ਨਿਕਲ ਗਏਹਨ, ਐਸ ਵੇਲੇ ਅਨੇਕਾਂ ਚੀਜ਼ਾਂ ਦੀ ਅਣਹੋਂਦ ਦੇ ਕਾਰਨ ਅਸੀ ਆਤਮ ਸਮਰਪਨ ਕਰਦੇ ਹਾਂ, ਅਸਾਂ ਜੋ ਕੁਝ ਕੀਤਾ ਹੈ ਉਸ ਲਈ ਸਾਨੂੰ ਕੋਈ ਪਸ਼ਚਾਤਾਪ ਨਹੀਂ, ਜੋ ਕੁਝ ਹੁਣ ਕੀਤਾ ਹੈ ਸ਼ਕਤੀਵਾਨ ਹੋਣ ਤੇ ਫਿਰ ਓਹ ਹੀ ਕਰਾਂਗੇ*" ਇੰਨਾ ਕੈਹਕੇ ਸਭ ਸਰਦਾਰਾਂ ਨੇ ਇਕ ਇਕ ਕਰਕੇ ਹਥਯਾਰ ਜ਼ਮੀਨ ਤੇ ਰੱਖ ਦਿਤੇ।

---

*ਸਿ: ਓ: ਪ: ਪੰਨਾਂ ੨੧੭

# ੧੩.

ਖਿਨ ਮੇਂ ਰਾਓ ਰੰਕ ਕੋ ਕਰਹੀ,
ਰਾਓ ਰੰਕ ਕਰ ਡਾਰੇ।
ਰੀਤੇ ਭਰੇ ਭਰੇ ਸਖਨਾਵੈ,
ਯੇਹ ਤਾਂਕੋ ਬਿਵਹਾਰੇ।

ਗੁਜਰਾਤ ਦਾ ਜੰਗ ਮੁਕ ਗਿਆ, ਲਾਰਡ ਡਲਹੌਜ਼ੀ ਨੇ ਇਲੀਅਟ ਸਾਹਿਬ ਨੂੰ ਆਪਣਾ ਪ੍ਰਤਿਨਿਧ ਬਣਾ ਲਾਹੌਰ ਭੇਜਿਆ, ਸਰਫ੍ਰੈਡਰਕ ਕਰੀ ਸਾਹਿਬ ਨੇ ਉਹਨਾਂ ਦੇ ਨਾਲ ਮਿਲਕੇ ੨੮ ਮਾਰਚ ੧੮੪੯ ਨੂੰ ਮਹਾਰਾਜਾ ਦਲੀਪ ਸਿੰਘ ਨੂੰ ਕਿਹਾ ਕਿ ਆਪਣਾ ਰਾਜ ਬ੍ਰਿਟਸ਼ ਕੰਪਨੀ ਦੇ ਹਵਾਲੇ ਕਰ ਦੇਵੋ, ਇਸ ਤੋਂ ਦੂਜੇ ਦਿਨ ਮਗਰੋਂ ੨੯ ਮਾਰਚ ਨੂੰ ਲਾਹੌਰ ਦੇ ਕਿਲੇ ਵਿਚ ਅੰਤਮ ਦਰਬਾਰ ਹੋਇਆ, ਮਹਾਰਾਜਾ ਦਲੀਪ ਸਿੰਘ ਉਸ ਦਿਨ ਅੰਤਮ ਵਾਰ ਆਪਣੇ ਪਿਤਾ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੇ ਸਿੰਘਾਸਨ ਤੇ ਬੈਠੇ, ਪਾਸ ਹੀ ਸਨਧ ਬਧ ਬ੍ਰਿਟਸ਼ ਸੈਨਾਂ ਖੜੀ ਸੀ, ਰੈਜ਼ੀਡੈਂਟ ਦੇ ਮੀਰ ਮੁਨਸ਼ੀ ਰੱਜਬ ਅਲੀ ਨੇ ਖੜੇ ਹੋਕੇ ਸਰਕਾਰੀ ਏਲਾਨ ਪੜ੍ਹਿਆ, ਜਿਸ ਵਿਚ ਪਹਿਲਾਂ ਮਹਾ-ਰਾਜਾ ਰਣਜੀਤ ਸਿੰਘ ਦੇ ਨਾਲ ਹੋਈਆਂ ਸ਼ਰਤਾਂ ਤੇ ਫਿਰ ਲੜਾਈ ਦਾ ਜ਼ਿਕਰ ਕਰਕੇ ਅੰਤ ਨੂੰ ਦਸਿਆ ਕਿ ਹੁਣ ਪੰਜਾਬ ਨੂੰ ਬ੍ਰਿਟਸ਼ ਝੰਡੇ ਹੇਠ ਲੈਣ ਤੋਂ ਬਿਨਾਂ ਕੋਈ ਗੱਲ ਨਹੀਂ ਸੁਝਦੀ ਕਿ ਕੀ ਕੀਤਾ ਜਾਏ? ਇਕ ਦਰਬਾਰੀ ਨੇ ਪੰਜਾਬ ਦੀ ਸਵਾ-ਧੀਨਤਾ ਹਰਨ ਬਾਬਤ ਬਹੁਤ ਕੁਝ ਕਿਹਾ, ਸੰਧੀ ਪੱਤਰ ਦੀਆਂ

ਸ਼ਰਤਾਂ ਵਿਖਾਕੇ ਸਿੱਖ ਰਾਜ ਦੇ ਜਿਓਂਦਾ ਤਿਓਂ ਰੈਹਣ ਲਈ ਕਈ ਗੱਲਾਂ ਕਹੀਆਂ; ਪ੍ਰੰਤੂ ਕੁਝ ਫਲ ਨਾ ਹੋਇਆ। ਇਲੀਅਟ ਸਾਹਿਬ ਨੇ ਲਾਰਡ ਡਲਹੌਜ਼ੀ ਦਾ ਹੁਕਮ ਪੂਰਾ ਕੀਤਾ। ਓਸੇ ਵੇਲੇ ਇਕ ਸੰਧੀ ਪੱਤਰ ਤਯਾਰ ਕੀਤਾ ਗਿਆ, ਇਸ ਵਿਚ ਪੰਜ ਸ਼ਰਤਾਂ ਸਨ:–(੧) ਮਹਾਰਾਜਾ ਦਲੀਪ ਸਿੰਘ ਨੇ ਹਮੇਸ਼ਾਂ ਲਈ ਪੰਜਾਬ ਅੰਗ੍ਰੇਜ਼ਾਂ ਦੇ ਅਰਪਣ ਕਰ ਦਿੱਤਾ। (੨) ਸੰਸਾਰ ਦਾ ਅਦੁਤੀ ਕੋਹ ਨੂਰ ਹੀਰਾ ਮਹਾਰਾਣੀ ਵਿਕਟੋਰੀਆ ਨੂੰ ਦਿੱਤਾ ਗਿਆ। (੩) ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਾਹਰ ਲਾਰਡ ਡਲਹੌਜ਼ੀ ਜਿਥੇ ਚਾਹੁਣ ਰਖਣਗੇ, ਉਹ ਕੇਵੂਲ "ਮਹਾਰਾਜਾ ਬਹਾਦਰ" ਦਾ ਖਿਤਾਬ ਰਖਣਗੇ, ਤੇ ੪–ਤੋਂ–ਪੰ ਲੱਖ ਰੁਪੱਯਾ ਸਾਲਾਨਾ ਪਿਨਸ਼ਨ ਜਾਂ ਤਨਖਾਹ ਉਹਨਾਂ ਨੂੰ ਮਿਲਦੀ ਰਹੇਗੀ, ਆਦਿ ! ਇਕ ਇਸ਼ਤਿਹਾਰ ਨਿਮਨ ਲਿਖਤ ਭਾਵ ਦਾ ਵੰਡਿਆ ਗਿਆ ਤੇ ਦਰਬਾਰ ਵਿਚ ਸੁਣਾਇਆ ਗਿਆ ਕਿ:–"ਅੱਜ ਤੋਂ ਪੰਜਾਬ ਰਾਜ ਦੀ ਸਮਾਪਤੀ ਹੈ, ਤੇ ਮਹਾਰਾਜਾ ਦਲੀਪ ਸਿੰਘ ਦਾ ਰਾਜ ਬ੍ਰਿਟਸ਼ ਗਵਰਨਮੈਂਟ ਦੇ ਅਧੀਨ ਹੋ ਗਿਆ ਹੈ"। ਲਾਹੌਰ ਦੇ ਕਿਲ ਤੇ ਬ੍ਰਿਟਸ਼ ਝੰਡਾ ਚੜ੍ਹਾਇਆ ਗਿਆ, ਮਹਾਰਾਜਾ ਦਲੀਪ ਸਿੰਘ ਪੰਜਾਬ ਤੋਂ ਬਾਹਰ ਭੇਜੇ ਗਏ, ਇਸ ਸਮੇਂ ਦਲੀਪ ਸਿੰਘ ਦੀ ਆਯੂ ੧੧ ਸਾਲ ਦੀ ਸੀ, ਸਰ ਜਾਨ ਲਜਿਨ ਉਹਨਾਂ ਦੇ ਅਧਿਆਪਕ ਨੀਯਤ ਹੋਏ, ੧੮੫੩ ਨੂੰ ਫਤਹ ਗੜ੍ਹ ਵਿਚ ਜਦ ਕਿ ਦਲੀਪ ਸਿੰਘ ਦੀ ਆਯੂ ੧੪ ਸਾਲ ਦੀ ਸੀ, ਉਸਨੇ ਈਸਾਈ ਧਰਮ ਗ੍ਰੈਹਣ ਕਰ ਲਿਆ, ਫਿਰ ਉਹਨਾਂ ਨੂੰ ਇੰਗਲਸਤਾਨ ਭੇਜ ਦਿਤਾ ਗਿਆ। ਪਿੱਛੋਂ ਉਹਨਾਂ ਦੀ ਮਾਤਾ ਮਹਾਰਾਣੀ ਜਿੰਦਾਂ ਜੋ ਅੰਨ੍ਹੀ ਤੇ ਬੁੱਢੀ ਸੀ,

੭ ਸਮੁੰਦਰ ਤੇਰਾਂ ਨਦੀਆਂ ਲੰਘ ਇੰਗਲਸਤਾਨ ਦਲੀਪ ਸਿੰਘ ਪਾਸ ਜਾ ਅੱਪੜੀ, ਤੇ ਉਥੇ ਹੀ ੧੮੬੩ ਵਿਚ ਪੂਰੀ ਹੋਗਈ।

ਇਸ ਤਰਾਂ ਪੰਜਾਬ ਦੇ ਵਿਚ ਖਾਲਸਾ ਸਲਤਨਤ ਦੇ ਮਿਟਣ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦਾ ਵੰਸ ਵੀ ਮਿਟ ਗਿਆ, ਕਿੰਤੂ ਸਿੱਖਾਂ ਦੇ ਦਿਲ ਵਿੱਚ ਖਾਸਕਰਕੇ ਤੇ ਇਤਹਾਸ ਪ੍ਰੇਮੀ ਤੇ ਸਤਜ ਦੇ ਖੋਜੀਆਂ ਦੇ ਦਿਲ ਵਿਚ ਆਮ ਕਰਕੇ ਇਹ ਗੱਲ–ਉਸ ਵੇਲੇ ਤਕ ਜਦ ਤਕ ਕਿ ਸੂਰਜ ਨਿਕਲ ਦਾ ਰਹੇਗਾ, ਚੰਦਰਮਾਂ ਉਦੇ ਹੋਂਦਾ ਰਹੇਗਾ, ਤਾਰੇ ਚਮਕਦੇ ਰੈਹਣਗੇ, ਤੇ ਇਤਹਾਸ ਲਿਖਣ ਦੀ ਪ੍ਰਨਾਲੀ ਪ੍ਰਚਲਤ ਰਹੇਗੀ–ਚੁਭਦੀ ਰਹੇਗੀ, ਕਿ ਮਹਾਰਾਜਾ ਦਲੀਪ ਸਿੰਘ ਨੂੰ ਕਿਸ ਅਪਰਾਧ ਦੇ ਕਾਰਨ ਤਖ਼ਤੋਂ ਹਟਾਇਆ ਗਿਆ ? ਸਤ੍ਰਾਓਂ ਦੇ ਯੁਧ ਮਗਰੋਂ ਪੰਜਾਬ ਅੰਗ੍ਰੇਜ਼ਾਂ ਦੇ ਅਧੀਨ ਸੀ, ਰਾਮ ਨਗਰ ਚੇਲੀਆ ਵਾਲਾ ਤੇ ਗੁਜਰਾਤ ਦੀ ਲੜਾਈ ਸ੍ਰ: ਸ਼ੇਰ ਸਿੰਘ ਚਤਰ ਸਿੰਘ ਦੀ ਸ਼ਖ਼ਸੀ ਲੜਾਈ ਸੀ, ਲਾਹੌਰ ਦਰਬਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਸੀ, ਸ੍ਰ: ਸ਼ੇਰ ਸਿੰਘ ਚਤਰ ਸਿੰਘ ਦੀ ਲੜਾਈ ਦੀ ਸਜ਼ਾ ਲਾਹੌਰ ਦਰਬਾਰ ਨੂੰ ਕਿਓਂ ਮਿਲੀ ? ਜਿਨ੍ਹਾਂ ਵਿਦ੍ਰੋਹ ਕੀਤਾ ਉਹਨਾਂ ਨੂੰ ਸਜ਼ਾ ਮਿਲੇ, ਕਿੰਤੂ ਬਾਲਕ ਦਲੀਪ ਸਿੰਘ ਨੇ ਤਾਂ ਕੋਈ ਅਪਰਾਧ ਨਹੀਂ ਕੀਤਾ ਸੀ ! ਉਹਨਾਂ ਦੀ ਮਾਤਾ ਜਿੰਦਾਂ ਬਨਾਰਸ ਇਕ ਅੰਗ੍ਰੇਜ਼ ਦੇ ਪ੍ਰਬੰਧ ਵਿਚ ਨਜ਼ਰ ਬੰਦ ਸੀ, ਬਾਲਕ ਦਲੀਪ ਸਿੰਘ ਬੇਬੱਸ ਨਾਬਾਲਗ ਤੇ ਅੰਗ੍ਰੇਜ਼ਾਂ ਦੀ ਰਾਖੀ ਵਿਚ ਸੀ ਤੇ ਲਾਹੌਰ ਦਰਬਾਰ ਬ੍ਰਿਟਸ਼ ਗਵਰਨਮੈਂਟ ਦੇ ਅਧੀਨ ਸੀ, ਫਿਰ ਦਲੀਪ ਸਿੰਘ ਨੂੰ ਕਿਉਂ ਪੰਜਾਬ ਦੇ ਤਖ਼ਤ ਤੋਂ ਵੰਚਤ ਕੀਤਾ ਗਿਆ ?

## ੧੪.

ਜਾਗ ਜਾਗ, ਉਠ ਜਾਗ, ਖਾਲਸਾ !
ਅਪਣਾ ਆਪ ਭੁਲਾ ਬੈਠੋਂ ।
ਬੇ ਦਰਦਾਂ ਦੇ ਹੱਥੇ ਚੜ੍ਹਕੇ,
ਝੁੱਗਾ ਸਭ ਲੁਟਾ ਬੈਠੋਂ ।
ਸਦਗੁਣ ਵਾਲਾ ਨਾਮ ਵੇਂਡਿਆਂ ।
ਮਿੱਟੀ ਵਿੱਚ ਮਿਲਾ ਬੈਠੋਂ ।
ਕੱਖੋਂ ਹੌਲਾ ਜਗ ਵਿਚ ਹੋਇਓਂ,
ਹਾਲ ਬੇ ਹਾਲ ਬਣਾ ਬੈਠੋਂ ।

ਸ਼ਾਨ ਤੇਰੀ ਨੂੰ ਮਿਟਦੀ ਤੱਕ ਕੇ, ਧਰਤ ਅਕਾਸ਼ ਡੁਲਾਵੇ ਹੈ !
ਹਾ ! ਪਰ ਤੈਨੂੰ ਹਾਲ ਅਪਣੇ ਤੇ, ਤਰਸ ਰਤਾ ਨਹੀਂ ਆਵੇ ਹੈ !

ਸਾਡੀ ਫੁਲਵਾੜੀ ਕਿੱਕੁਣ ਲੁੱਟੀ, ਸਾਡਾ ਚਮਨ ਕਿੱਕੁਣ ਵੈਰਾਨ ਹੋਇਆ ਤੇ ਅਸੀਂ ਤਖ਼ਤੋਂ ਤਖ਼ਤੇ ਤੇ ਕਿੱਕੁਣ ਆ ਪਏ? ਇਸਦਾ ਉੱਤਰ ਪਿਛਲਿਆਂ ਪੰਨਿਆਂ ਦੇ ਵਿਚਾਰ ਸਹਿਤ ਪਾਠ ਤੋਂ ਮਿਲ ਜਾਂਦਾ ਹੈ ।

ਇਸ ਪੁਸਤਕ ਦੇ ਲਿਖਣ ਦਾ ਇਹ ਭਾਵ ਨਹੀਂ ਕਿ ਇਸ ਨੂੰ ਪੜ੍ਹ ਕੇ ਅੱਥਰੂ ਵੱਗਾਏ ਜਾਨ ਤੇ ਬੱਸ ! ਖਾਲਸੇ ਦੇ ਇਤਹਾਸ ਦੇ ਇਸ ਖ਼ੂਨੀ ਵਰਕ ਦੇ ਪ੍ਰਕਾਸ਼ਤ ਕਰਨ ਤੋਂ ਮੁਰਾਦ ਇਹ ਹੈ ਕਿ ਓਹ ਕਾਰਨ ਲੱਭੇ ਜਾਣ ਜਿਨ੍ਹਾਂ ਸਾਡਾ ਐਸ਼ੂਰਜ ਪ੍ਰਤਾਪ ਗਵਾਇਆ, ਸਾਨੂੰ ਰਾਓ ਤੋਂ ਰੰਕ ਬਣਾਇਆ, ਤੇ ਸੰਸਾਰ ਵਿੱਚ ਹਾਸੋ ਹੀਣਾ ਕਰਾਇਆ, ਤਾਕੇ ਅਸੀਂ ਜਾਣੇ ਜਾਂ

ਅਨਜਾਣੇ ਫਿਰ ਉਹਨਾਂ ਹੀ ਕਦਮਾਂ ਤੇ ਨਾ ਟੁਰ ਪਵੀਏ ਜਿਨ੍ਹਾਂ ਤੇ ਅੱਗੇ ਚੱਲਕੇ ਗ਼ਾਰਤ ਹੋਏ ਸੀ।

(੧) ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ ਹੋਂਦੇ ਹਨ। ਸੰਸਾਰ ਦੀ ਹਰ ਚੀਜ਼ ਅੰਦਰੋਂ ਉਂਜਹੀ ਹੀ ਨਹੀਂ ਹੋਂਦੀ ਜਹੀ ਬਾਹਰੋਂ ਦਿਸਦੀ ਹੈ। ਤੁੰਮੇ ਤੇ ਖ਼ਰਬੂਜ਼ੇ ਦੀ ਸ਼ਕਲ ਸੂਰਤ ਰੰਗ ਢੰਗ ਇੱਕੋ ਜਿਹਾ ਹੋਂਦਾ ਹੈ, ਕਿੰਤੂ ਤੁੰਮੇ ਨੂੰ ਖ਼ਰਬੂਜ਼ਾ ਜਾਣ ਮੂੰਹ ਲਗਾਣ ਵਾਲੇ ਨੂੰ ਇਸਦੀ ਕੁੜੱਤਣ ਛੇਤੀ ਹੀ ਇਹ ਕੈਹਣ ਲਈ ਮਜਬੂਰ ਕਰਦੀ ਹੈ ਕਿ:-

"ਪੇਖੰਦੜੋ ਕੀ ਭੁਲ ਤੁੰਮਾ ਦਿਸਮ ਸੋਹਿਣਾ"

ਧਿਆਨ ਸਿੰਘ ਗੁਲਾਬ ਸਿੰਘ ਸੁਚੇਤ ਸਿੰਘ ਡੋਗਰੇ, ਲਾਲ ਸਿੰਘ ਮਿਸਰ ਤੇ ਤੇਜ ਸਿੰਘ ਬ੍ਰਾਹਮਣ ਵਿਸ ਭਰੀਆਂ ਗੰਦਲਾਂ ਖੰਡ ਨਾਲ ਲਿਬੜੀਆਂ ਸਨ, ਜਿਨ੍ਹਾਂ ਨੂੰ ਅਸਾਂ ਅਸਲੀ ਸੂਰਤ ਵਿੱਚ ਨਾ ਪਛਾਤਾ, ਤੇ ਇਸ ਪਾਰਖੂ ਨਦਰ ਦੀ ਕਮੀ ਨੇ ਬਣੀ ਬਣਾਈ ਖਾਲਸਾ ਸਲਤਨਤ ਨੂੰ ਤਬਾਹ ਕਰ ਦਿਤਾ।

(੨) ਹਰ ਕੰਨ ਵਿੱਚ ਪੈਣ ਵਾਲੀ ਅਵਾਜ਼ ਇਸ ਯੋਗ ਨਹੀਂ ਹੋਂਦੀ ਕਿ ਓਸ ਨੂੰ ਬਿਨਾਂ ਸੋਚੇ ਸਮਝੇ ਤੇ ਵਿਚਾਰੇ ਦੇ ਸੱਚ ਮੰਨ ਲਿਆ ਜਾਏ, ਸ੍ਵਾਰਥੀ ਆਪਣੇ ਸਵਾਰਥ ਦੀ ਸਿੱਧੀ ਲਈ ਅਜਹੀਆਂ ਬੇਪਰ ਦੀਆਂ ਉਡਾਂਦੇ ਤੇ ਮਾਯਾ ਜਾਲ ਵਿਛਾਂਦੇ ਹਨ, ਕਿ ਕੋਈ ਤੀਖਣ ਬੁੱਧੀ ਵਾਲਾ ਹੀ ਇਸ ਚਾਲ ਤੋਂ ਜਾਣੂ ਹੋ ਸਕਦਾ ਹੈ, ਗਲਤ ਫੈਹਮੀਆਂ ਵਬਾਈ ਮਰਜ਼ਾਂ ਦੇ ਕੀੜਿਆਂ ਵਾਂਙ ਤਿੱਖੀ ਚਾਲ ਨਾਲ ਫੈਲਦੀਆਂ, ਹਮਦਰਦੀ ਦੇ ਸ਼ਬਦਾਂ ਵਿਚ ਲਿਪੇਟੀਆਂ ਕੰਨਾਂ ਦੀ ਰਾਹੀਂ ਦਿਲ ਤੇ ਦਿਮਾਗ਼ ਤੇ ਅੱਪੜਦਿਆਂ ਹੀ ਵੇਹੁਲਾ ਅਸਰ ਕਰ ਵਿਖਾਂਦੀਆਂ

ਹਨ। ਪੌਰਾਣਕ ਪ੍ਰਸੰਗਾਂ ਵਿਚ "ਸੁਦਰਸ਼ਨ ਚੱਕ੍ਰ" ਇਕ ਅਜਿਹਾ ਸ਼ਸਤਰ ਦੱਸਿਆ ਹੈ, ਜਿਸ ਦਾ ਵਾਰ ਕਦੇ ਖਾਲੀ ਨਹੀਂ ਗਿਆ। ਸਿੱਖ ਇਤਹਾਸ ਦੇ ਇਹ ਪੰਨੇ ਦਸਦੇ ਹਨ ਕਿ ਸਿੱਖਾਂ ਦੀ ਤਬਾਹੀ ਵਿਚ ਸਭ ਤੋਂ ਵਧਕੇ "ਗ਼ਲਤ ਫ਼ੈਹਮੀਆਂ" ਨੇ ਤਬਾਹੀ ਆਂਦੀ, ਧਿਆਨ ਸਿੰਘ ਨੇ ਮਹਾਰਾਜਾ ਖੜਗ ਸਿੰਘ ਨੂੰ ਅੰਗ੍ਰੇਜ਼ਾਂ ਦਾ ਆਦਮੀ ਦੱਸ ਸਾਰੇ ਸਿੱਖਾਂ ਨੂੰ ਇਨ੍ਹਾਂ ਦੇ ਵਿਰੁੱਧ ਭੜਕਾ ਦਿਤਾ, ਤੇ ਐਥੋਂ ਤਕ ਇਸ ਚਾਲ ਵਿਚ ਕਾਮਯਾਬ ਹੋਇਆ, ਕਿ ਉਨ੍ਹਾਂ ਨੂੰ ਰਾਣੀ ਤੇ ਪੁੱਤ ਤੋਂ ਜੁਦਾ ਕਰਾ, ਤਖਤੋਂ ਉਠਾ, ਨਜ਼ਰ ਬੰਦ ਕਰਾ ਦਿਤਾ, ਇਹ ਹੀ ਹਥਜਾਰ ਕੰਵਰ ਨੌ ਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ, ਜਵਾਹਰ ਸਿੰਘ ਤੇ ਜਵਾਲਾ ਸਿੰਘ ਆਦਿਕਾਂ ਦੀ ਬਰਬਾਦੀ ਦਾ ਕਾਰਨ ਬਣਿਆਂ।

(੩ "ਜਮਾਤ ਕਰਾਮਾਤ" ਦੀ ਕਹਾਵਤ ਇਕ ਸਚਾਈ ਹੈ। ਜਦ ਤੱਕ ਖਾਲਸਾ ਮਹਾਰਾਜਾ ਰਣਜੀਤ ਸਿੰਘ ਦੀ ਜੱਥੇ-ਦਾਰੀ ਵਿੱਚ ਜੱਥੇ ਬੰਦ ਰਿਹਾ ਤਦ ਤੱਕ ਇਸਦੀ ਸ਼ਾਨ ਵੱਲ ਕੋਈ ਨਜ਼ਰ ਉਠਾਕੇ ਨਾ ਵੇਖ ਸੱਕਿਆ, ਕਿੰਤੂ ਜਦ ਮਹਾਰਾਜ ਤੋਂ ਪਿਛੋਂ ਜੱਥੇ ਬੰਦੀ ਦਾ ਧਾਗਾ ਟੁਟਾ, ਸਭ ਕੁਝ ਗਵਾ ਖੇਰੂ ਖੇਰੂ ਹੋ ਗਿਆ।

(੪) ਖਾਲਸਾ ਤੇਗ਼ ਦਾ ਧਨੀ ਹੈ, ਤੇਗ਼-ਸ਼ਕਤੀ-ਬੱਲ ਇਕ ਜ਼ਰੂਰੀ ਚੀਜ਼ ਹੈ। ਬਲਹੀਨ ਮਨੁੱਖਾਂ ਨੂੰ ਕੌਡੀ ਦੇ ਤਿੰਨ ਤਿੰਨ ਦੇ ਭਾ ਕੋਈ ਨਹੀਂ ਪੁਛਦਾ, ਕਿੰਤੂ ਬਲ ਦੇ ਨਾਲ ਦਿਮਾਗ਼ੀ ਤਾਕਤ ਇਕ ਅਵੱਸ਼ਕ ਲੋੜੀਦੀ ਚੀਜ਼ ਹੈ। ਕਿਉਂ ਕਿ ਇਸ ਨੇ ਬਲ ਦਾ ਪ੍ਰਯੋਗ ਦੱਸਣਾ ਹੈ, ਇਸ ਬਲ ਦੇ ਵਰਤਣ ਦਾ ਮੌਕਾ ਤੇ ਥਾਂ ਕੁਥਾਂ ਦਾ ਗਯਾਨ ਦੇਣਾ

ਹੈ, ਗਜਾਨ ਹੀਨ ਬਲ ਆਪਣੇ ਬਿਗਾਨੇ ਦੀ ਪਛਾਣ ਤੋਂ ਸ਼ੂਨ ਹੋਣ ਕਰਕੇ ਕਈ ਵਾਰ ਦੂਜਿਆਂ ਦੀ ਜਗਾ ਆਪਣਾ ਹੀ ਨਾਸ਼ ਕਰ ਲੈਂਦਾ ਹੈ।

(੫) ਕਿਸੇ ਤਾਹਰੀਕ ਦੀ ਕਾਮਯਾਬੀ ਦਾ ਨਿਰਭਰ ਬਹੁਤਾ ਕਰਕੇ ਓਸ ਦੇ ਲੀਡਰ ਜਾਂ ਆਗੂ ਦੀ ਵਯਕਤੀ ਤੇ ਹੋਂਦਾ ਹੈ, ਜੇ ਕਦੀ ਆਗੂ ਸਵਾਰਥ ਰੈਹਤ, ਨਿਧੜਕ, ਨਿਰ ਭੈ, ਸਤਯਵਾਦੀ, ਵਿਚਾਰ ਸ਼ੀਲ, ਦੂਰ ਦਰਸ਼ੀ, ਨੀਤੱਗਜ ਤੇ ਆਤਮਕ ਬਲ ਵਾਲਾ ਹੋਵੇ ਤਦ ਉਸਦੀ ਅਵਾਜ਼ ਮੁਰਦਾ ਹੱਡੀਆਂ ਵਿਚ ਵੀ ਜਾਨ ਫੂਕ ਦੇਂਦੀ ਹੈ, ਉਸ ਦੀ ਸਦ ਨਾਲ ਕਾਇਰ ਬਲਵਾਨ ਹੋ ਉਠਦੇ ਹਨ। ਕਿੰਤੂ ਇਸਦੇ ਉਲਟ ਸ੍ਵਾਰਥੀ, ਪੇਟ ਪਾਲੂ, ਆਤਮਕ ਬਲ ਤੋਂ ਖਾਲੀ ਤੇ ਕੌਮੀ ਪੀੜਾ ਤੋਂ ਰਹਿਤ ਤੇ ਡਰਪੋਕ ਆਗੂ ਓਹ ਹੀ ਕੁਝ ਕਰਨਗੇ ਜੋ ਕੁਝ ਮਿਸਰ ਲਾਲ ਸਿੰਘ ਵਜ਼ੀਰ ਤੇ ਤੇਜ ਸਿੰਘ ਬ੍ਰਾਹਮਣ ਸੈਨਾਂ ਪਤਿ ਨੇ ਕੀਤਾ,ਤੇ ਓਸੇ ਦਸ਼ਾ ਵਿਚ ਕੌਮ ਨੂੰ ਅਪੜਾਨ ਗੇ ਜਿਸ ਵਿਚ ਰਾਜਾ ਗੁਲਾਬ ਸਿੰਘ ਆਦਿਕਾਂ ਨੇ ਸਿੱਖਾਂ ਨੂੰ ਪੁਚਾਇਆ।

ਅੱਜ "ਜ਼ਿੰਦਗੀ" ਦੀ "ਰੂਹ" ਭੂ ਮੰਡਲ ਵਿਚ ਚੱਕ੍ਰ ਲਾ ਰਹੀ ਹੈ, "ਜਾਗਰਤ" ਸੁੱਤੇ ਹੋਏ ਦੇਸ਼ਾਂ ਨੂੰ ਹਲੂਣੇ ਮਾਰ ਜਗਾ ਰਹੀ ਹੈ, "ਸ੍ਵੈ ਸਤਕਾਰ" ਦੀ 'ਤਰਬ' ਪੈਰਾਂ ਹੇਠ ਰੁਲੀਂਦੀਆਂ ਕੌਮਾਂ ਨੂੰ ਉਠਾ ਰਹੀ ਹੈ, "ਅਣਖ" ਗੁਮ ਨਾਮੀ ਦੇ ਪਰਦੇ ਪਿੱਛੇ ਲੁਕੀਂਦੀਆਂ ਜਾ ਰਹੀਆਂ ਨਸਲਾਂ ਨੂੰ ਚਮਕਾ ਰਹੀ ਹੈ, "ਸ੍ਵੈ ਰੱਖਯਾ" ਦੀ 'ਚਾਹ' 'ਅਬਲ' ਜਾਤੀਆਂ ਨੂੰ 'ਸਬਲ' ਬਣਾ ਰਹੀ ਹੈ। 'ਸੁਤੰਤ੍ਰਤਾ' ਦੀ ਦੇਵੀ ਮਰ ਚੁਕਿਆਂ ਨੂੰ ਪੁਨਰ ਜਨਮ ਦੇਕੇ ਜੋਬਨ ਤੇ ਲਿਆ ਰਹੀ ਹੈ।

ਅੱਜ ਨਵੀਂ ਤੇ ਪੁਰਾਣੀ ਦੁਨੀਆਂ ਦੀ ਹਰ ਨੁੱਕਰ ਵਿੱਚੋਂ, ਅੱਜ ਗੋਰੀ ਤੇ ਕਾਲੀ ਹਰ ਜਾਤੀ ਦੀ ਨਾੜੀ ਦੀ ਤੜਪ ਵਿੱਚੋਂ ਤੇ ਅੱਜ ਏਰੀਅਨ ਤੇ ਮੰਗੋਲੀਅਨ ਹਰ ਨਸਲ ਦੀ ਹਰ ਵਿਯਕਤੀ ਦੇ ਦਿਲ ਦੀ ਧੜਕਣ ਵਿੱਚੋਂ ਇੱਕ ਤੇ ਕੇਵਲ ਇਹ ਹੀ ਇੱਕ ਆਵਾਜ਼ ਦਸੋਂ ਦਸ਼ਾਵਾਂ ਨੂੰ ਗੂੰਜਾਂਦੀ ਸੁਣਾਈ ਦੇ ਰਹੀ ਹੈ ਕਿ:-

ਆਗਾਹੂ ਕੋ ਤ੍ਰਾਘ, ਪਿਛਾ ਫੇਰ ਨਾ ਮੁਹਡੜਾ।
ਨਾਨਕ ਸਿਝਸ ਅਵੇਹਾ ਬਾਰ, ਬਹੁਰ ਨਾ ਹੋਵੀ ਜਨਮੜਾ।

ਖਾਲਸਾ ਇਸੇ ਧਰਤੀ ਤੇ ਇਸੇ ਪੌਣ ਪਾਣੀ ਵਿਚ ਰੈਂਹਦਾ ਹੈ, ਜਿਸ ਤੋਂ ਇਸ ਦਾ ਦਿਲ ਵੀ ਕੌਮੀ ਪਜਾਰ ਦੇ ਜਜ਼ਬਿਆਂ, ਸ੍ਵੈ ਰਖਜਾ ਦੇ ਵਲਵਲਿਆ ਤੇ ਪੰਥਕ ਉੱਨਤੀ ਦੀਆਂ ਉਮੰਗਾਂ ਨਾਲ ਭਰ ਰਿਹਾ ਹੈ। ਖਾਲਸੇ ਦੀ ਵਰਤਮਾਨ ਦਸ਼ਾ ਤੋਂ ਐਉਂ ਪ੍ਰਤੀਤ ਹੁੰਦਾ ਹੈ ਕਿ ਜਿੱਕੁਣ ਸੱਪ ਸਿਥਲ ਕਰ ਰੱਖਣ ਵਾਲੀ ਖਲੜੀ (ਸੱਪ ਕੁੰਜ) ਨੂੰ ਉਤਾਰ ਆਪਣੇ ਪਹਿਲੇ ਜੋਬਨ ਦੇ ਵਿੱਚ ਮੱਤਿਆ ਨਿਕਲਦਾ ਹੈ, ਇੱਕੁਣ ਹੀ ਇਹ ਗੁਰੂ ਦ ਭੁਜੰਗੀ ਉਹਨਾਂ ਸਾਰੀਆਂ ਖਰਾਬੀਆਂ ਨੂੰ ਜੋ ਕਿਸੇ ਇੱਕ ਯਾ ਦੂਜੇ ਕਾਰਨ ਤੋਂ ਇਨ੍ਹਾਂ ਵਿੱਚ ਆ ਗਈਆਂ ਤੇ ਵਾਹਿਗੁਰੂ ਦੇ ਖਾਲਸੇ ਦੇ ਨਾਮ ਤੇ ਇੱਕ ਤਰਾਂ ਦਾ ਕਲੰਕ ਹੋ ਰਹੀਆਂ ਸਨ, ਸਦਾ ਲਈ ਤਯਾਗ ਇਸ ਉੱਨਤੀ ਦੇ ਮੈਦਾਨ ਵਿਚ ਕਦਮ ਰਖਗਾ। ਇਸ ਮਹਾਂ ਯੁੱਧ ਵਿਚ ਜਿਸ ਵਿਚ ਦੀਪ ਦੀਪਾਂ ਨਾਲ, ਮੁਲਕ ਮੁਲਕਾਂ ਨਾਲ, ਕੌਮਾਂ ਕੌਮਾਂ ਨਾਲ, ਵ੍ਯਕਤੀਆਂ ਵ੍ਯਕਤੀਆਂ ਦੇ ਮੋਢੇ ਦੇ ਨਾਲ ਮੋਢਾ ਮਿਲਾ

ਅਗੇ ਵਧਣ ਲਈ ਕੂਚ ਕਰ ਰਹੀਆਂ ਹਨ, ਗੁਰੂ ਦਾ ਖਾਲਸਾ ਕਿਸੇ ਤੋਂ ਕਿਸੇ ਹਾਲਤ ਵਿਚ ਪਿੱਛੇ ਨਹੀਂ ਰਹੇਗਾ।

ਅੱਜ ਜਦ ਕਿ ਖਾਲਸਾ ਚੜ੍ਹਦੀਆਂ ਕਲਾਂ ਵਿਚ ਹੈ, ਅੱਜ ਜਦ ਕਿ ਸ਼ਹੀਦਾਂ ਦਾ ਖ਼ੂਨ ਇਨ੍ਹਾਂ ਦੀਆਂ ਨਾੜੀਆਂ ਵਿਚ ਤਿੱਖਾ ਗੇੜ ਖਾ ਰਿਹਾ ਹੈ, ਅੱਜ ਜਦ ਕਿ ਕੁਰਬਾਨੀ ਦੀਆਂ ਲੈਹਰਾਂ ਤੋਂ ਉਭਰ ਸਿਰ ਧੜ ਦੀ ਬਾਜ਼ੀ ਲਾਕੇ ਕੈਂਹਦਾ ਹੈ ਕਿ:--

"ਦੇਹੁ ਸ਼ਿਵਾ ਵਰ ਏਹੁ ਮੋਹੇ,
ਸ਼ੁਭ ਕਰਮਨ ਤੇ ਕਬਹੂ ਨ ਟਰੋਂ"।

ਜ਼ਰੂਰਤ ਹੈ ਕਿ ਐਸ ਵੇਲੇ ੩੦ ਲੱਖ ਖਾਲਸਾ ਇਕ ਜਾਨ ਤੇ ਇਕ ਜ਼ਬਾਨ ਹੋਵੇ, ੩੦ ਲੱਖ ਖਾਲਸੇ ਦੀ ਨਬਜ਼ ਇਕ ਤਾਰ ਤੇ ਚਲੇ ਤੇ ਕਿਸੇ ਤਰਾਂ ਦਾ ਲਾਲਚ, ਪਿਆਰ, ਦਲਾਸਾ ਜਾਂ ਦਬਾਉ ਖਾਲਸੇ ਨੂੰ ਇਕ ਦੂਜੇ ਨਾਲੋਂ ਅੱਡ ਨਾ ਕਰ ਸਕੇ।

ਲੋੜ ਹੈ ਕਿ ਖਾਲਸਾ ਕਦਮ ਉਠਾਣ ਸਮੇਂ ਕਿਸੇ ਹਾਲਤ ਵਿਚ ਵੀ "ਵਿਚਾਰ" ਤੇ "ਜੱਥੇ ਬੰਦੀ" ਨੂੰ ਜੋ ਖਾਲਸੇ ਦੇ ਜ਼ਰੂਰੀ ਗੁਣ ਹਨ, ਹਥੋਂ ਨਾ ਛਡੇ, ਤੇ ਰਾਜਸੀ ਭਾਈ ਚਾਰਕ ਮਾਮਲਿਆਂ ਵਿਚ ਹਿੱਸਾ ਲਵੇ, ਦੂਜਿਆਂ ਨਾਲੋਂ ਵਧ ਚੜ੍ਹਕੇ ਹਿੱਸਾ ਲਵੇ, ਕਿੰਤੂ ਕਿਸੇ ਦੇਸੀ ਜਾਂ ਬਦੇਸੀ ਦੇ ਹੱਥ ਦੀ ਕਠ-ਪੁਤਲੀ ਨਾ ਬਣੇ।

ਅਵੱਸ਼ਕਤਾ ਹੈ ਕਿ 'ਖਾਲਸਾ' ਖਾਲਸਾ ਬਣੇ, ਤੇ ਉਸਦੇ ਦਿਲ ਵਿਚ ਦ੍ਰਿੜ੍ਹ ਪ੍ਰਤੱਗਜਾ ਹੋਵੇ, ਕਿ ਜੀਵਣਾ ਹੈ ਤਾਂ ਸਿੱਖੀ ਦੀ ਬੇਹਤਰੀ ਲਈ, ਮਰਨਾ ਹੈ ਤਾਂ ਸਿਖ ਰੈਹਕੇ।

ਕਦੇ ਵੀ ਤੇ ਕਿਸੇ ਹਾਲਤ ਵਿਚ ਵੀ ਖਾਲਸਾ ਸਚਾਈ ਨੂੰ ਨਾ ਛੱਡੇ, ਖਾਲਸੇ ਦਾ ਦਿਲ ਦ੍ਵੈਤ ਤੇ ਦ੍ਵੈਖ ਦੀ ਮੈਲ ਤੋਂ ਰੈਹਤ ਹੋਵੇ, ਖਾਲਸਾ ਨਿਰਭੈ ਹੋਵੇ, ਕਿੰਤੂ ਖਾਲਸੇ ਦਾ ਆਦਰਸ਼ ਇਹ ਹੋਵੇ:--

ਮਨ ਅਪਨੇ ਤੇ ਬੁਰਾ ਮਿਟਾਨਾ ।
ਪੇਖੈ ਸਕਲ ਸ੍ਰਿਸਟ ਸਾਜਨਾ ।

ਖਾਲਸੇ ਦੀ ਸਾਂਝ ਸੰਸਾਰ ਨਾਲ ਹੋਵੇ, ਕਿੰਤੂ ਕਿਸੇ ਦੇਸੀ ਜਾਂ ਬਦੇਸੀ ਦੇ ਹੱਥੋਂ ਸਿੱਖੀ ਨੂੰ ਕਾਂਪ ਲਗਦੀ ਤੱਕ ਬੇਹਬਲ ਹੋ ਉਠੇ,ਤੇ ਡੰਕੇ ਦੀ ਚੋਟ ਕੈਹ ਦੇਵੇ ਕਿ ਮੈਂ ਪਹਿਲਾਂ ਖ਼ਾਲਸਾ ਹਾਂ ਤੇ ਫਿਰ ਕੁਝ ਹੋਰ ਹਾਂ। ਐਉਂ ਤੇ ਠੀਕ ਐਉਂ ਕਰਨ ਨਾਲ ਹੀ ਇਸ ਖਿਚਾ ਖਿਚੀ ਦੇ ਸਮੇਂ ਵਿਚ ਅਸੀ ਆਪਣੀ ਕੌਮ ਨੂੰ ਉੱਨਤੀ ਦੇ ਸਿਖਰ ਤੇ ਲੈ ਜਾ ਸਕਦੇ ਹਾਂ।

ਕੌਮ ਦੇ ਸਿਰ ਤੇ ਮੁਸੀਬਤਾਂ ਦੇ ਬੱਦਲ ਕਾਲੀਆਂ ਘਟਾਂ ਪਾਈ ਚਲੇ ਆ ਰਹੇ ਹਨ, ਦੁਖਾਂ ਦੀ ਬਿਜਲੀ ਕੜਕ ਕੜਕ ਕੇ ਕਾਂਬ੍ਹਾ ਲਾ ਰਹੀ ਹੈ । ਚਾਰੇ ਪਾਸੇ ਅੰਧੇਰ ਘੁਪ ਘੇਰ ਹੈ, ਨਦੀ ਠਾਠਾਂ ਮਾਰ ਰਹੀ ਹੈ, ਤੇ ਸਾਡੀ ਜਾਤੀ ਦੀ ਕਿਸ਼ਤੀ ਮੰਝ ਧਾਰ ਵਿਚ ਫਸੀ ਡੱਕੋ ਡੋਲੇ ਖਾ ਰਹੀ ਹੈ। ਤੁਸੀ ਓਹਨਾਂ ਧਰਮੀਆਂ ਦੀ ਸੰਤਾਨ ਹੋ, ਜਿਨ੍ਹਾਂ ਅੰਗ ਅੰਗ ਕਰਾਇਆ, ਬੰਦ ਬੰਦ ਜੁਦਾ ਕਰਾਇਆ, ਖੋਪਰੀਆਂ ਲੁਹਾਈਆਂ, ਖੱਲੜੀਆਂ ਉਤਰਵਾਈਆਂ, ਕਿੰਤੂ ਸਿੱਖੀ [illegible] ਆਨ-ਬਾਨ ਤੇ ਸ਼ਾਨ ਨੂੰ ਦਾਗ਼ ਨਹੀਂ ਲਾਇਆ।

ਤੁਸੀ ਉਸ ਭਾਈ ਮਹਾਂ ਸਿੰਘ, ਭਾਈ ਮਨੀ ਸਿੰਘ, ਭਾ: ਸਬਾਜ਼ ਸਿੰਘ, ਭਾ: ਸੁਬੇਗ ਸਿੰਘ, ਬਾਬਾ ਗੁਰਬਖਸ਼ ਸਿੰਘ ਤੇ ਬਾਬਾ ਦੀਪ ਸਿੰਘ ਦੇ ਨਾਮ ਲੇਵਾ ਹੋ, ਜਿਨ੍ਹਾਂ ਕੌਮ ਦੀ ਪਤ ਤੇ ਅਬਰੋ ਦੀ ਖਾਤਰ ਅਪਣੇ ਜੀਵਨ ਬਲੀ ਚੜ੍ਹਾਕੇ ਖਾਲਸੇ ਦੀ ਕੀਰਤੀ ਦਾ ਡੰਕਾ ਵਜਾਇਆ।

ਤੁਸੀ ਉਸ ਸ੍ਰ: ਹਰੀ ਸਿੰਘ, ਅਕਾਲੀ ਫੂਲਾ ਸਿੰਘ, ਤੇ ਸ੍ਰ: ਸ਼ਾਮ ਸਿੰਘ ਦੀ ਯਾਦਗਾਰ ਹੋ, ਜੋ ਕੌਮ ਦੀ ਹਸਤੀ ਨੂੰ ਖਤਰੇ ਵਿਚ ਪਿਆ ਵੇਖਣ ਦੀ ਸਮਰੱਥਾ ਨਾ ਰੱਖਣ ਦੇ ਕਾਰਨ ਇਸ ਸ਼ਮਆ ਤੇ ਪ੍ਰਵਾਨੇ ਵਾਂਙ ਸ਼ਹੀਦ ਹੋ ਗਏ।

ਹਾਂ ! ਹਾਂ ! ਖਾਲਸਾ ਜੀ ਤੁਸੀ ਓਸ ਕੌਮ ਦੇ ਵਿੱਚੋਂ ਹੋ, ਜੋ ਇਸ ਗਈ ਗੁਜ਼ਰੀ ਹਾਲਤ ਵਿਚ ਵੀ ਆਪਣੇ ਵਿੱਚੋਂ ਭਾਈ ਲਛਮਣ ਸਿੰਘ, ਭਾ: ਦਲੀਪ ਸਿੰਘ, ਭਾ: ਟੈਹਲ ਸਿੰਘ ਤੇ ਉਹਨਾਂ ਦੇ ਸਾਥੀ ਨਨਕਾਣੇ ਸਾਹਿਬ ਵਿਚ ਗੁਰਦੁਵਾਰੇ ਦੀ ਪਵਿਤ੍ਰਤਾ ਕਾਇਮ ਰੱਖਣ ਦੀ ਖਾਤਰ ੧੫੦ ਦੇ ਕਰੀਬ ਕੌਮ ਤੇ ਮਰ ਮਿਟਣ ਵਾਲੇ, ਸੁਖ਼ਨ ਦੇ ਪੂਰੇ ਤੇ ਕਰਨੀ ਦੇ ਸੂਰੇ ਸ਼ਹੀਦ ਵਿਖਾ ਸਕਦੀ ਹੈ, ਜੋ ਗੁਰ ਅਸਥਾਨਾਂ ਦੇ ਅਦਬ ਨੂੰ ਅੱਖਾਂ ਦੇ ਸਾਮਹਣੇ ਰੱਖਦੇ ਤੇ ਹੱਥ ਨਾ ਚੁੱਕਣ ਦੀ ਪ੍ਰਤੱਗਜਾ ਨੂੰ ਪੂਰਾ ਕਰਦੇ, ਮਿੱਟੀ ਦੇ ਤੇਲ ਨਾਲ ਸੜੀਂਦੇ ਤੇ ਭੱਠੀਆਂ ਵਿੱਚ ਜਲੀਂਦੇ 'ਸੀ' ਤੱਕ ਮੂੰਹ ਤੇ ਨਾ ਲਿਆ, ਸੰਸਾਰ ਨੂੰ ਚਕ੍ਰਿਤ ਕਰ ਦੇਂਦੇ ਹਨ।

ਤਬਾਹ ਹੋ ਚੁੱਕੀ ਕੌਮ ਦੇ ਹੀਰਿਓ ! ਬਰਬਾਦ ਹੋ ਰਹੇ ਪੰਥ ਦੇ ਸਤਾਰਿਓ ! ਖੇਰੂ ਖੇਰੂ ਹੋ ਰਹੀ ਜਾਤੀ ਦੇ ਲਾਲੋ,

ਤੇ ਪ੍ਰਿਥਵੀ ਤੋਂ ਅਲੋਪ ਹੁੰਦੀ ਜਾ ਰਹੀ ਕੌਮ ਦੇ ਨੌ ਨਿਹਾਲੋ ! ਅੱਜ ਸਿੱਖੀ ਤੁਹਾਥੋਂ ਆਪਣਾ ਹੱਕ ਮੰਗਦੀ ਹੈ, ਉਠੋ, ਕੌਮੀ ਕਿਸ਼ਤੀ ਨੂੰ ਚੱਪਾ ਲਾਕੇ ਕਨਾਰੇ ਤੇ ਲਾ ਦਿਓ ! ਨਹੀਂ ਤਾਂ ਯਾਦ ਰੱਖੋ:—

ਬਚੋਗੇ ਤੁਸੀਂ ਅਰ ਨਾ ਸਾਥੀ ਤੁਮਾਰੇ,
ਜੇ ਡੁੱਬੇ ਗੀ ਕਿਸ਼ਤੀ ਤਾਂ ਡੁੱਬੇਗੇ ਸਾਰੇ ।

॥ ਇਤੀ ॥

# Errata ਸੁਧੀ ਪਤਰ

| ਪੰਨਾ | ਸਤਰ | ਗਲਤ | ਠੀਕ |
|---|---|---|---|
| ੧੩ | ੧੦ | ਧਿਆਨ | ਧਿਆਨਸਿੰਘ |
| ੨੮ | ੮ | ਮਿਟਾਣ | ਦੇ ਮਿਟਾਣ |
| ੨੮ | ੨੦ | ਅਜਿਹਾ | ਅਜਿਹੀ |
| ੪੧ | ੧੯ | ਦੀ | ਵੀ |
| ੬੦ | ੧੮ | ਦਾ | ਦੀ |
| ੬੦ | ੧੮ | ਸਟੇਟਦ | ਸਟੇਟ ਦਾ |
| ੬੭ | ੧੮ | hesten | be ıten |
| ੬੭ | ੧੮ | abondoned | abaudoned |
| ੬੭ | ੨੨ | circurnstances | circumstances |
| ੬੭ | ੨੩ | fovght | fought |
| ੮੦ | ਫੁਟਨੋਟ ੨ | treasurs | treasons |
| ੮੦ | ,, ੪,੫ | independance | independence |
| ੮੪ | ,, ੩ | sums | seems |
| ੮੪ | ,, ੪ | gratness | greatness |
| ੮੫ | ੧੩ | ਸਮਝਕਿ | ਸਮਝਕੇ ਕਿ |
| ੯੭ | ੧੧ | ਫਿਰ | ਚਿਰ |

National Library,
Calcutta-27.